# Sunday Samaj Weekly

Vol :18 : # 666: 19/07/2026 - 25/07/2026 www.samajweekly.com samajweekly @samajweekly

Punjabi, Hindi & English Newspaper- Uk&Eu Edition


# SONAM WANGCHUK ਨੂੰ ਜਬਰੀ ਹਸਪਤਾਲ ਪਹੁੰਚਾਇਆ

## ਕੌਕਰੋਚ ਜਨਤਾ ਪਾਰਟੀ ਮੁਖੀ ਦੀਪਕੇ ਭੁੱਖ ਹੜਤਾਲ ’ਤੇ ਬੈਠੇ; ਸੋਮਵਾਰ ਨੂੰ ਸੰਸਦ ਮਾਰਚ ਸਿਰੇ ਚਾੜ੍ਹਨ ਦਾ ਅਹਿਦ





**ਨਵੀਂ ਦਿੱਲੀ।** ਨਵੀਂ ਦਿੱਲੀ ਦੇ ਪੁਲੀਸ ਡਿਪਟੀ ਕਮਿਸ਼ਨਰ ਸਚਿਨ ਸ਼ਰਮਾ ਨੇ ਦੱਸਿਆ ਕਿ ਵਾਂਗਚੁਕ ਦੀ ਸਿਹਤ ਵਿਗੜਨ ਤੋਂ ਬਾਅਦ ਦਿੱਲੀ ਹਾਈ ਕੋਰਟ ਦੇ ਨਿਰਦੇਸ਼ਾਂ ਮੁਤਾਬਕ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ ਅਤੇ ਲੋੜੀਂਦਾ ਡਾਕਟਰੀ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਦਿੱਲੀ ਪੁਲੀਸ ਨੇ ਬਿਆਨ ਵਿੱਚ ਕਿਹਾ ਕਿ ਵਾਂਗਚੁਕ ਨੂੰ ਹਸਪਤਾਲ ਲਿਜਾਣ ਮੌਕੇ ਕੁਝ ਪ੍ਰਦਰਸ਼ਨਕਾਰੀਆਂ ਨੇ ਕਾਰਵਾਈ ਵਿੱਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਕੁਝ ਸਮੇਂ ਲਈ ਹੰਗਾਮਾ ਹੋਇਆ ਪਰ ਪੁਲੀਸ ਮੁਲਾਜ਼ਮਾਂ ਨੇ ਪੂਰਾ ਸੰਜਮ ਵਰਤਿਆ ਅਤੇ ਇਸ ਮੁਹਿੰਮ ਨੂੰ ਸਫ਼ਲਤਾਪੂਰਵਕ ਪੂਰਾ ਕੀਤਾ।

ਹਸਪਤਾਲ ਦੇ ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਡਾਕਟਰ ਵਾਂਗਚੁਕ ਦੀ ਜਾਂਚ ਕਰ ਰਹੇ ਹਨ। ਇੱਕ ਸੂਤਰ ਨੇ ਕਿਹਾ, ‘‘ਲੰਮ ਸਮੇਂ ਤੱਕ ਵਰਤ ਰੱਖਣ ਅਤੇ ਸਰੀਰ ਵਿੱਚ ਪਾਣੀ ਦੀ ਕਮੀ ਕਾਰਨ ਸੋਨਮ ਵਾਂਗਚੁਕ ਕਮਜ਼ੋਰ ਹੋ ਗਏ ਹਨ। ਉਨ੍ਹਾਂ ਦੀ ਹਾਲਤ ਭਾਵੇਂ ਸਥਿਰ ਹੈ ਪਰ ਸਰੀਰ ਦੇ ਪੈਮਾਨਿਆਂ ਨੂੰ ਆਮ ਵਾਂਗ ਲਿਆਉਣ ਲਈ ਲਗਾਤਾਰ ਨਿਗਰਾਨੀ ਅਤੇ ਇਲਾਜ ਦੀ ਲੋੜ ਹੈ।’’ ਸੋਨਮ ਵਾਂਗਚੁਕ ਨੂੰ ਜ਼ਬਰੀ ਹਸਪਤਾਲ ਲਿਜਾਣ ਮਗਰੋਂ ਕੌਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਸਤੀਫ਼ੇ ਦੀ ਮੰਗ ਕਰਦਿਆਂ 20 ਜੁਲਾਈ ਨੂੰ ਤੈਅਸ਼ੁਦਾ ਸੰਸਦ ਮਾਰਚ ਨੂੰ ਅੱਗੇ ਵਧਾਉਣ ਦਾ ਅਹਿਦ ਲਿਆ।

ਪੁਲੀਸ ਦੀ ਕਾਰਵਾਈ ਤੋਂ ਤੁਰੰਤ ਬਾਅਦ ਅਭਿਜੀਤ ਦੀਪਕੇ ਨੇ ਐਕਸ ’ਤੇ ਪੋਸਟ ਵਿੱਚ ਲਿਖਿਆ, ‘‘ਦਿੱਲੀ ਪੁਲੀਸ ਨੇ ਕੁੱਟਮਾਰ ਮਗਰੋਂ ਮੈਨੂੰ ਹਿਰਾਸਤ ਵਿੱਚ ਲਿਆ ਗਿਆ।’’ ਦੀਪਕੇ ਨੇ ਦੋਸ਼ ਲਾਇਆ ਕਿ ਉਹ ਤਿਆਰ ਹੋਣ ਲਈ ਇੱਕ ਦੋਸਤ ਦੇ ਘਰ ਗਿਆ ਸੀ, ਪੁਲੀਸ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਕੁਝ ਸਮੇਂ ਲਈ ਹਿਰਾਸਤ ਵਿੱਚ ਰੱਖਿਆ। ਉਨ੍ਹਾਂ ਪੁਲੀਸ ਕਾਰਵਾਈ ਖ਼ਿਲਾਫ਼ ਦੇਸ਼ ਭਰ ਵਿੱਚ ਪ੍ਰਦਰਸ਼ਨ ਦਾ ਸੱਦਾ ਦਿੱਤਾ। ਦੂਜੇ ਪਾਸੇ ਖੱਬੇ ਪੱਖੀ ਵਿਦਿਆਰਥੀ ਜਥੇਬੰਦੀ ਆਈਸਾ ਦੇ ਮੈਂਬਰ ਨੇਹਾ, ਆਮੀਨ ਅਤੇ ਮਨੀਸ਼ ਨੇ 21ਵੇਂ ਦਿਨ ਵੀ ਭੁੱਖ ਹੜਤਾਲ ਜਾਰੀ ਰੱਖੀ। ਨੇਹਾ ਨੇ ਕਿਹਾ, ‘‘ਸਰਕਾਰ ਇਸ ਪ੍ਰਦਰਸ਼ਨ ਨੂੰ ਨਜ਼ਰਅੰਦਾਜ਼ ਕਰ ਰਹੀ ਸੀ ਅਤੇ ਹੁਣ 21ਵੇਂ ਦਿਨ ਉਹ ਸਾਨੂੰ ਅੰਦੋਲਨ ਖ਼ਤਮ ਕਰਨ ਲਈ ਮਜਬੂਰ ਕਰਨਾ ਚਾਹੁੰਦੇ ਹਨ। ਅਸੀਂ ਸਾਰਿਆਂ ਨੂੰ ਜੰਤਰ ਮੰਤਰ ਆਉਣ ਦੀ ਅਪੀਲ ਕਰਦੇ ਹਾਂ।’’ ਪ੍ਰਦਰਸ਼ਨਕਾਰੀ ਨੇ ਦੋਸ਼ ਲਾਇਆ ਕਿ ਪੁਲੀਸ ਧੱਕਾਮੁੱਕੀ ’ਚ ਕਈਆਂ ਨੂੰ ਸੱਟਾਂ ਲੱਗੀਆਂ ਹਨ। ਇਸੇ ਦੌਰਾਨ ਆਮ ਆਦਮੀ ਪਾਰਟੀ, ਸਮਾਜਵਾਦੀ ਪਾਰਟੀ, ਕਾਂਗਰਸ ਅਤੇ ਤ੍ਰਿਣਮੂਲ ਕਾਂਗਰਸ ਸਣੇ ਕਈ ਵਿਰੋਧੀ ਨੇਤਾਵਾਂ ਨੇ ਪੁਲੀਸ ਕਾਰਵਾਈ ਦੀ ਆਲੋਚਨਾ ਕੀਤੀ ਹੈ। ਖੱਬੇ ਪੱਖੀ ਵਿਦਿਆਰਥੀ ਜਥੇਬੰਦੀਆਂ ਵੀ ਜੰਤਰ ਮੰਤਰ ਪ੍ਰਦਰਸ਼ਨ ਵਿੱਚ ਸ਼ਾਮਲ ਹੋਈਆਂ।


ਸਮਾਜ ਵੀਕਲੀ

# ਅਹਿਮਦਾਬਾਦ ਦੀ ਪਟਾਕਾ ਫੈਕਟਰੀ 'ਚ ਧਮਾਕਾ, 8 ਦੀ ਮੌਤ,15 ਜ਼ਖਮੀ

## ਹਾਦਸੇ ਸਮੇਂ ਫੈਕਟਰੀ 'ਚ ਲਗਭਗ 25 ਵਿਅਕਤੀ ਕਰ ਰਹੇ ਸਨ ਕੰਮ

**ਅਹਿਮਦਾਬਾਦ** : ਅਹਿਮਦਾਬਾਦ ਦੇ ਵਸਤ੍ਰਾਲ ਇਲਾਕੇ ਵਿੱਚ ਸ਼ਨੀਵਾਰ ਨੂੰ ਪਟਾਕਾ ਫੈਕਟਰੀ ਵਿੱਚ ਧਮਾਕੇ ਤੋਂ ਬਾਅਦ ਅੱਗ ਲੱਗ ਗਈ । ਇਸ ਹਾਦਸੇ ਵਿੱਚ 8 ਕਰਮਚਾਰੀਆਂ ਦੀ ਮੌਤ ਹੋ ਗਈ ਅਤੇ ਕਰੀਬ 15 ਜ਼ਖਮੀ ਹੋ ਗਏ। ਹਾਦਸਾ ਰਾਮੋਲ ਤੋਂ ਗਤਰਾਡ ਜਾਣ ਵਾਲੇ ਰਸਤੇ 'ਤੇ ਮਹਿਮੂਦਪੁਰਾ ਟੈਲੈਂਟ ਦੇ ਨੇੜੇ ਹੋਇਆ। ਇੱਥੇ ਨੇੜੇ ਹੀ ਰੈਪਿਡ ਐਕਸ਼ਨ ਫੋਰਸ ਦਾ ਕੈਂਪ ਹੈ । ਧਮਾਕੇ ਦੀ ਆਵਾਜ਼ ਸੁਣਦਿਆਂ ਹੀ ਅਦ ਦੇ ਜਵਾਨ ਤੁਰੰਤ ਘਟਨਾ ਵਾਲੀ ਥਾਂ 'ਤੇ ਪਹੁੰਚੇ ਅਤੇ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ । ਧਮਾਕਾ ਇੰਨਾ ਜ਼ਬਰਦਸਤ ਸੀ ਕਿ ਇਸ ਦੀ ਆਵਾਜ਼ 5 ਕਿਲੋਮੀਟਰ ਦੂਰ ਤੱਕ ਸੁਣਾਈ ਦਿੱਤੀ। ਧਮਾਕੇ ਦੀ ਸੂਚਨਾ



ਮਿਲਦਿਆਂ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਐਂਬੂਲੈਂਸਾਂ ਮੌਕੇ 'ਤੇ ਪਹੁੰਚ ਗਈਆਂ। ਹਾਦਸੇ ਦੇ ਸਮੇਂ ਫੈਕਟਰੀ ਵਿੱਚ ਕਰੀਬ 25 ਲੋਕ ਕੰਮ ਕਰ ਰਹੇ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਹਿਮਦਾਬਾਦ ਦੀ ਪਟਾਕਾ ਫੈਕਟਰੀ 'ਚ ਵਾਪਰੇ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ 'ਚ ਮੇਰੀ ਹਮਦਰਦੀ ਦੁਖੀ ਪਰਿਵਾਰਾਂ ਦੇ ਨਾਲ ਹੈ ਅਤੇ ਮੈਂ ਜ਼ਖਮੀਆਂ ਦੀ ਜਲਦੀ ਸਿਹਤਯਾਬੀ ਲਈ ਪ੍ਰਾਰਥਨਾ ਕਰਦਾ ਹਾਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਰਾਹਤ ਫੰਡ 'ਚੋਂ ਹਰੇਕ ਮ੍ਰਿਤਕ ਦੇ ਪਰਿਵਾਰ ਨੂੰ 2 ਲੱਖ ਅਤੇ ਜ਼ਖਮੀਆਂ ਨੂੰ 50,000 ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ।'

# ਅਮਰੀਕੀ ਹਮਲੇ 'ਚ ਇਰਾਨ ਦਾ ਵਾਟਰ ਪਲਾਂਟ ਹੋਇਆ ਤਬਾਹ

**ਤੇਲ ਅਵੀਵ :** ਅਮਰੀਕਾ ਅਤੇ ਇਰਾਨ ਵਿਚਾਲੇ ਹੁਣ ਸਮੁੰਦਰ ਦੇ ਖਾਰੇ ਪਾਣੀ ਨੂੰ ਸਾਫ਼ ਕਰਨ ਵਾਲੇ ਪਲਾਂਟਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ । ਇਰਾਨ ਨੇ ਸ਼ਨੀਵਾਰ ਨੂੰ ਦਾਅਵਾ ਕੀਤਾ ਕਿ ਅਮਰੀਕਾ ਨੇ ਹੋਰਮੋਜ਼ਗਾਨ ਸੂਬੇ ਵਿੱਚ ਹਵਾਈ ਹਮਲਾ ਕਰਕੇ 'ਬੋਂਜੀ ਡਿਸੈਲੀਨੇਸ਼ਨ ਵਾਟਰ ਪਲਾਂਟ' ਨੂੰ ਤਬਾਹ ਕਰ ਦਿੱਤਾ ਹੈ । ਇਸ ਹਮਲੇ ਤੋਂ ਬਾਅਦ ਲਗਭਗ 20 ਪਿੰਡਾਂ ਦੇ 10 ਹਜ਼ਾਰ ਲੋਕਾਂ ਦੀ ਪੀਣ ਵਾਲੇ ਪਾਣੀ ਦੀ ਸਪਲਾਈ ਪੂਰੀ ਤਰ੍ਹਾਂ ਠੱਪ ਹੋ ਗਈ ਹੈ। ਉਧਰ ਕੁਵੈਤ ਨੇ ਕਿਹਾ ਕਿ ਇਰਾਨ ਨੇ ਲਗਾਤਾਰ ਦੂਜੇ ਦਿਨ ਉਸ ਦੇ ਪਾਣੀ ਦੇ ਪਲਾਂਟ ਨੂੰ ਨਿਸ਼ਾਨਾ ਬਣਾਇਆ ਹੈ। ਕੁਵੈਤ ਵਿੱਚ ਪੀਣ ਵਾਲਾ ਲਗਭਗ 90 ਫੀਸਦੀ ਪਾਣੀ ਖਾਰੇ ਪਾਣੀ ਨੂੰ



ਮਿੱਠਾ ਬਣਾਉਣ ਦੀ ਪ੍ਰਕਿਰਿਆ (ਡਿਸੈਲੀਨੇਸ਼ਨ) ਰਾਹੀਂ ਮਿਲਦਾ ਹੈ । ਕੁਵੈਤ ਵੱਲੋਂ ਕਿਹਾ ਗਿਆ ਹੈ ਕਿ ਇਹ ਪ੍ਰਕਿਰਿਆ ਰੇਗਿਸਤਾਨੀ ਛੋਟੇ ਜਿਹੇ ਦੇਸ਼ ਵਿੱਚ ਜੀਵਨ ਲਈ ਖ਼ਤਰਾ ਪੈਦਾ ਕਰ ਸਕਦੀ ਹੈ।

# ਅਦਾਕਾਰ ਆਮਿਰ ਖਾਨ ਨੂੰ ਲਾਰੈਂਸ ਬਿਸ਼ਨੋਈ ਗੈਂਗ ਦੇ ਨਾਮ 'ਤੇ ਮਿਲੀ ਕਥਿਤ ਧਮਕੀ

**ਮੁੰਬਈ:** ਬਾਲੀਵੁੱਡ ਅਦਾਕਾਰ ਆਮਿਰ ਖਾਨ ਨੂੰ ਜੇਲ੍ਹ ਵਿੱਚ ਬੰਦ ਬਦਨਾਮ ਅਪਰਾਧੀ ਲਾਰੈਂਸ ਬਿਸ਼ਨੋਈ ਦੇ ਗਿਰੋਹ ਨਾਲ ਜੁੜੇ ਹੋਣ ਦਾ ਦਾਅਵਾ ਕਰਨ ਵਾਲੇ ਵਿਅਕਤੀਆਂ ਤੋਂ ਕਥਿਤ ਤੌਰ 'ਤੇ ਧਮਕੀਆਂ ਮਿਲੀਆਂ ਹਨ। ਉਨ੍ਹਾਂ 'ਤੇ ਕਥਿਤ ਤੌਰ 'ਤੇ "ਲਵ ਜੇਹਾਦ" ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਸਾਂਝੀ ਕੀਤੀ। ਮੁੰਬਈ ਪੁਲਿਸ ਕਮਿਸ਼ਨਰ ਦੇਵੇਨ ਭਾਰਤੀ ਨੇ ਕਿਹਾ, "ਅਸੀਂ ਸੰਬੰਧਿਤ ਸੋਸ਼ਲ ਮੀਡੀਆ ਪੋਸਟ ਅਤੇ ਆਡੀਓ ਸੰਦੇਸ਼ ਦੀ ਬਾਰੀਕੀ ਨਾਲ ਜਾਂਚ ਕਰ ਰਹੇ ਹਾਂ।"



ਹਾਲਾਂਕਿ, ਇਸ ਕਥਿਤ ਧਮਕੀ ਬਾਰੇ ਆਮਿਰ ਖਾਨ ਜਾਂ ਉਨ੍ਹਾਂ ਦੇ ਕਿਸੇ ਵੀ ਪ੍ਰਤੀਨਿਧੀ ਦੁਆਰਾ ਹੁਣ ਤੱਕ ਪੁਲਿਸ ਕੋਲ ਕੋਈ ਰਸਮੀ ਸ਼ਿਕਾਇਤ ਦਰਜ ਨਹੀਂ ਕਰਵਾਈ ਗਈ ਹੈ। ਇੰਟਰਨੈੱਟ 'ਤੇ ਘੁੰਮ ਰਹੇ ਇੱਕ ਸੰਦੇਸ਼ ਦਾ ਹਵਾਲਾ ਦਿੰਦੇ ਹੋਏ, ਇੱਕ ਪੁਲਿਸ ਅਧਿਕਾਰੀ ਨੇ ਕਿਹਾ ਕਿ ਕਥਿਤ ਧਮਕੀ ਇੱਕ ਆਡੀਓ ਸੰਦੇਸ਼ ਦੇ ਨਾਲ ਇੱਕ ਸੋਸ਼ਲ ਮੀਡੀਆ ਪੋਸਟ ਰਾਹੀਂ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਇਹ ਸੁਨੇਹਾ ਕਥਿਤ ਤੌਰ 'ਤੇ ਆਰਜ਼ੂ ਬਿਸ਼ਨੋਈ ਅਤੇ ਟਾਈਸਨ ਬਿਸ਼ਨੋਈ ਨਾਮ ਦੇ ਦੋ ਨੌਜਵਾਨਾਂ ਦੁਆਰਾ ਸਾਂਝਾ ਕੀਤਾ ਗਿਆ ਸੀ, ਜਿਨ੍ਹਾਂ ਨੇ ਲਾਰੈਂਸ ਬਿਸ਼ਨੋਈ ਦੇ ਸਹਿਯੋਗੀ ਹੋਣ ਦਾ ਦਾਅਵਾ ਕੀਤਾ ਸੀ। ਧਮਕੀ ਜਾਰੀ ਕਰਨ ਵਾਲੇ ਵਿਅਕਤੀਆਂ ਨੇ ਆਮਿਰ ਖਾਨ 'ਤੇ "ਲਵ ਜੇਹਾਦ" ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ ਹੈ। ਇਹ ਦੋਸ਼ ਅਦਾਕਾਰ ਦੇ ਹਾਲ ਹੀ ਵਿੱਚ ਗੌਰੀ ਸਪ੍ਰੈਟ ਨਾਲ ਤੀਜੇ ਵਿਆਹ ਤੋਂ ਪੈਦਾ ਹੋਇਆ ਹੈ। ਸੁਨੇਹਾ ਚੇਤਾਵਨੀ ਦਿੰਦਾ ਹੈ ਕਿ ਅਜਿਹੇ ਵਿਵਹਾਰ ਨੂੰ ਉਤਸ਼ਾਹਿਤ ਕਰਨ ਵਾਲਿਆਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਆਡੀਓ ਸੰਦੇਸ਼ ਵਿੱਚ ਰਾਜਸਥਾਨ ਦੇ ਸ੍ਰੀ ਗੰਗਾਨਗਰ ਜ਼ਿਲ੍ਹੇ ਵਿੱਚ ਇੱਕ 13 ਸਾਲ ਦੀ ਲੜਕੀ ਦੇ ਕਥਿਤ ਅਗਵਾ, ਮਨੁੱਖੀ ਤਸਕਰੀ ਅਤੇ ਜਿਨਸੀ ਹਮਲੇ ਨਾਲ ਸਬੰਧਤ ਇੱਕ ਤਾਜ਼ਾ ਮਾਮਲੇ ਦਾ ਵੀ ਜ਼ਿਕਰ ਹੈ। ਇਹ ਰਾਜਨੀਤਿਕ ਨੇਤਾਵਾਂ ਨੂੰ ਉਸ ਮਾਮਲੇ ਦੇ ਕਿਸੇ ਵੀ ਦੋਸ਼ੀ ਨੂੰ ਬਚਾਉਣ ਵਿਰੁੱਧ ਚੇਤਾਵਨੀ ਦਿੰਦਾ ਹੈ। ਹਾਲਾਂਕਿ, ਧਮਕੀ ਸੰਬੰਧੀ ਇਨ੍ਹਾਂ ਦਾਅਵਿਆਂ ਦੀ ਅਜੇ ਤੱਕ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ। ਬਿਸ਼ਨੋਈ ਅਤੇ ਉਸਦਾ ਅਪਰਾਧੀ ਗਿਰੋਹ ਸਾਲਾਂ ਤੋਂ ਅਦਾਕਾਰ ਸਲਮਾਨ ਖਾਨ ਨੂੰ ਧਮਕੀਆਂ ਵੀ ਦੇ ਰਿਹਾ ਹੈ। ਰਾਜਸਥਾਨ ਵਿੱਚ 1998 ਵਿੱਚ ਕਾਲੇ ਹਿਰਨ ਸ਼ਿਕਾਰ ਮਾਮਲੇ ਨਾਲ ਸ਼ੁਰੂ ਹੋਇਆ ਇਹ ਵਿਵਾਦ ਵਧਦਾ ਗਿਆ ਹੈ ਜਿਸ ਵਿੱਚ 2024 ਵਿੱਚ ਸਲਮਾਨ ਖਾਨ ਦੇ ਮੁੰਬਈ ਸਥਿਤ ਘਰ 'ਤੇ ਗੋਲੀਬਾਰੀ ਦੀ ਘਟਨਾ, ਲਗਾਤਾਰ ਜਾਨੋਂ ਮਾਰਨ ਦੀਆਂ ਧਮਕੀਆਂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਦਰਜ ਕਾਨੂੰਨੀ ਮਾਮਲੇ ਸ਼ਾਮਲ ਹਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਜੰਮੂ-ਕਸ਼ਮੀਰ ਦੇ ਪੁੰਛ 'ਚ ਐਲ.ਓ.ਸੀ. ਨੇੜੇ 25 ਕਰੋੜ ਰੁਪਏ ਦੀ ਹੈਰੋਇਨ ਜ਼ਬਤ



**ਜੰਮੂ :** ਪਿਛਲੇ ਕੁਝ ਸਾਲਾਂ ਵਿੱਚ ਕੰਟਰੋਲ ਰੇਖਾ (ਐਲਓਸੀ) 'ਤੇ ਨਸ਼ੀਲੇ ਪਦਾਰਥਾਂ ਦੀ ਸਭ ਤੋਂ ਵੱਡੀ ਬਰਾਮਦਗੀ ਵਿੱਚੋਂ ਇੱਕ ਕਾਰਵਾਈ ਕਰਦਿਆਂ, ਨਾਰਕੋਟਿਕਸ ਕੰਟਰੋਲ ਬਿਊਰੋ ਨੇ ਸ਼ਨੀਵਾਰ ਨੂੰ ਜੰਮੂ-ਕਸ਼ਮੀਰ ਦੇ ਪੁੰਛ ਵਿੱਚ ਸਰਹੱਦ ਪਾਰੋਂ ਤਸਕਰੀ ਕਰਕੇ ਲਿਆਂਦੀ ਗਈ ਪੰਜ ਕਿਲੋਗ੍ਰਾਮ ਉੱਚ-ਗੁਣਵੱਤਾ ਵਾਲੀ ਹੈਰੋਇਨ ਜ਼ਬਤ ਕੀਤੀ ਹੈ।ਅਧਿਕਾਰੀਆਂ ਨੇ ਦੱਸਿਆ ਕਿ ਇਹ ਜ਼ਬਤੀ ਐਲ.ਓ.ਸੀ. ਦੇ ਨੇੜੇ ਹਵੇਲੀ ਤਹਿਸੀਲ ਦੇ ਅਗਲੇ ਪਿੰਡ, ਕੋਸਲਿਆਨ ਵਿੱਚ ਬਹੁਤ ਹੀ ਸਾਵਧਾਨੀ ਨਾਲ ਯੋਜਨਾ ਬਣਾ ਕੇ ਚਲਾਈ ਗਈ ਨਸ਼ਾ ਵਿਰੋਧੀ ਮੁਹਿੰਮ ਦੌਰਾਨ ਕੀਤੀ ਗਈ। ਸਰਹੱਦ ਪਾਰੋਂ ਤਸਕਰੀ ਕਰਕੇ ਲਿਆਂਦੀ ਗਈ ਇਸ ਹੈਰੋਇਨ ਨੂੰ ਇੱਕ ਸੰਗਠਿਤ ਸਰਹੱਦ-ਪਾਰ ਨਸ਼ਾ ਨੈੱਟਵਰਕ ਰਾਹੀਂ ਦੇਸ਼ ਦੇ ਅੰਦਰੂਨੀ ਹਿੱਸਿਆਂ ਵਿੱਚ ਪਹੁੰਚਾਇਆ ਜਾਣਾ ਸੀ। ਅਧਿਕਾਰੀਆਂ ਮੁਤਾਬਕ ਬਰਾਮਦ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਅਨੁਮਾਨਿਤ ਕੀਮਤ 25 ਕਰੋੜ ਰੁਪਏ ਤੋਂ ਵੱਧ ਹੈ । ਉਨ੍ਹਾਂ ਕਿਹਾ ਕਿ ਹਾਲ ਹੀ ਦੇ ਸਾਲਾਂ ਵਿੱਚ ਸਰਹੱਦੀ ਜ਼ਿਲ੍ਹੇ ਵਿੱਚ ਨਸ਼ੀਲੇ ਪਦਾਰਥਾਂ ਦੀ ਇਹ ਸਭ ਤੋਂ ਵੱਡੀ ਬਰਾਮਦਗੀ ਵਿੱਚੋਂ ਇੱਕ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਸੁਪਰੀਮ ਕੋਰਟ 20 ਜੁਲਾਈ ਨੂੰ ਰਾਮ ਮੰਦਰ ਵਿੱਚ ਚੜ੍ਹਾਵੇ ਦੀ ਚੋਰੀ ਦੀ ਜਾਂਚ ਸੰਬੰਧੀ ਪਟੀਸ਼ਨਾਂ 'ਤੇ ਕਰੇਗਾ ਸੁਣਵਾਈ

**ਨਵੀਂ ਦਿੱਲੀ:** ਸੁਪਰੀਮ ਕੋਰਟ 20 ਜੁਲਾਈ ਨੂੰ ਅਯੁੱਧਿਆ ਦੇ ਰਾਮ ਮੰਦਰ ਵਿੱਚ ਚੜ੍ਹਾਵੇ ਦੀ ਕਥਿਤ ਚੋਰੀ ਦੀ ਨਿਰਪੱਖ ਅਤੇ ਸਮਾਂਬੱਧ ਜਾਂਚ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ ਦੇ ਇੱਕ ਸਮੂਹ 'ਤੇ ਸੁਣਵਾਈ ਕਰਨ ਲਈ ਤਿਆਰ ਹੈ। 20 ਜੁਲਾਈ ਲਈ ਸੁਪਰੀਮ ਕੋਰਟ ਦੀ ਕਾਜ਼ ਲਿਸਟ ਦੇ ਅਨੁਸਾਰ, ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੀ ਬੈਂਚ ਇਸ ਮੁੱਦੇ ਨਾਲ ਸਬੰਧਤ ਚਾਰ ਵੱਖ-ਵੱਖ ਪਟੀਸ਼ਨਾਂ 'ਤੇ ਸੁਣਵਾਈ ਕਰੇਗੀ। 13 ਜੁਲਾਈ ਨੂੰ, ਇਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਲਈ ਸਹਿਮਤ ਹੁੰਦੇ ਹੋਏ, ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਦੁਆਰਾ ਮਾਮਲੇ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੂੰ ਅਦਾਲਤ ਵਿੱਚ ਸਥਿਤੀ ਰਿਪੋਰਟ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਸੀ। ਬੈਂਚ ਨੇ ਸ਼੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਨੂੰ ਵੀ ਨੋਟਿਸ ਜਾਰੀ ਕਰਕੇ ਇਸ ਮਾਮਲੇ ਵਿੱਚ ਆਪਣਾ ਜਵਾਬ ਮੰਗਿਆ ਸੀ। ਸੁਪਰੀਮ ਕੋਰਟ ਨੇ ਕਿਹਾ ਸੀ, "ਕੁਝ ਰਿੱਟ ਪਟੀਸ਼ਨਾਂ ਵਿੱਚ ਇਹ ਕਿਹਾ ਗਿਆ ਹੈ ਕਿ ਇਸ ਮਾਮਲੇ ਵਿੱਚ ਕੁਝ ਐਫਆਈਆਰ ਪਹਿਲਾਂ ਹੀ ਦਰਜ ਕੀਤੀਆਂ ਜਾ ਚੁੱਕੀਆਂ ਹਨ ਅਤੇ ਜਾਂਚ ਲਈ ਇੱਕ ਐਸਆਈਟੀ ਬਣਾਈ ਗਈ ਹੈ। ਇਸ ਲਈ, ਅਸੀਂ ਉੱਤਰ ਪ੍ਰਦੇਸ਼ ਸਰਕਾਰ ਦੁਆਰਾ ਗਠਿਤ ਐਸਆਈਟੀ ਨੂੰ ਇਸ ਅਦਾਲਤ ਨੂੰ ਇੱਕ ਸਥਿਤੀ ਰਿਪੋਰਟ ਪੇਸ਼ ਕਰਨ ਦਾ ਨਿਰਦੇਸ਼ ਦਿੰਦੇ ਹਾਂ।" ਪਟੀਸ਼ਨਕਰਤਾਵਾਂ ਵਿੱਚੋਂ ਇੱਕ, ਨਰਿੰਦਰ ਕੁਮਾਰ ਗੋਸਵਾਮੀ ਨੇ ਇਸ ਘਟਨਾ ਦੀ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਜਾਂਚ ਦੀ ਮੰਗ ਕਰਦੇ ਹੋਏ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ। ਉਨ੍ਹਾਂ ਨੇ ਸ਼੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ, ਜੋ ਕਿ ਰਾਮ ਮੰਦਰ ਦਾ ਪ੍ਰਬੰਧਨ ਕਰਦਾ ਹੈ, ਦੇ ਵਿੱਤੀ ਲੈਣ-ਦੇਣ ਦਾ ਕੰਟਰੋਲਰ ਅਤੇ ਆਡੀਟਰ ਜਨਰਲ (ਸੀਏਜੀ) ਦੁਆਰਾ ਆਡਿਟ ਕਰਵਾਉਣ ਦੀ ਵੀ ਮੰਗ ਕੀਤੀ ਹੈ। ਪਟੀਸ਼ਨਕਰਤਾ



ਅਜੈ ਕੁਮਾਰ ਰਾਏ ਅਤੇ ਦਿਨੇਸ਼ ਕੁਮਾਰ ਯਾਦਵ ਨੇ ਦਲੀਲ ਦਿੱਤੀ ਹੈ ਕਿ ਟਰੱਸਟ ਦੇ ਕੰਮਕਾਜ ਅਤੇ ਪ੍ਰਸ਼ਾਸਨ ਨਾਲ ਸਬੰਧਤ ਕਥਿਤ ਵਿੱਤੀ ਬੇਨਿਯਮੀਆਂ ਅਤੇ ਹੋਰ ਕਥਿਤ ਗੈਰ-ਕਾਨੂੰਨੀ ਕੰਮਾਂ ਦੀ ਜਾਂਚ ਸੀਬੀਆਈ ਦੀ ਅਗਵਾਈ ਵਾਲੀ ਇੱਕ ਬਹੁ-ਅਨੁਸ਼ਾਸਨੀ ਐਸਆਈਟੀ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਸੰਸਦ ਮੈਂਬਰ ਸੁਧਾਕਰ ਸਿੰਘ ਵੱਲੋਂ ਦਾਇਰ ਤੀਜੀ ਪਟੀਸ਼ਨ ਵਿੱਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਸੀਬੀਆਈ ਜਾਂਚ ਦੇ ਨਾਲ-ਨਾਲ ਟਰੱਸਟ ਦੇ ਸਮੁੱਚੇ ਵਿੱਤੀ ਲੈਣ-ਦੇਣ ਦੀ ਫੋਰੈਂਸਿਕ ਆਡਿਟ ਦੀ ਮੰਗ ਕੀਤੀ ਗਈ ਹੈ। 'ਹਿੰਦੂ ਧਰਮ ਪ੍ਰੀਸ਼ਦ' ਵੱਲੋਂ ਦਾਇਰ ਇੱਕ ਹੋਰ ਪਟੀਸ਼ਨ ਵਿੱਚ ਦੋਸ਼ਾਂ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਦੀ ਵੀ ਬੇਨਤੀ ਕੀਤੀ ਗਈ ਹੈ। ਉੱਤਰ ਪ੍ਰਦੇਸ਼ ਸਰਕਾਰ ਨੇ ਰਾਮ ਮੰਦਰ ਵਿੱਚ ਚੜ੍ਹਾਵੇ ਦੀ ਚੋਰੀ ਦੇ ਦੋਸ਼ਾਂ ਤੋਂ ਬਾਅਦ, ਮੰਦਰ ਟਰੱਸਟ ਦੀ ਬੇਨਤੀ 'ਤੇ 13 ਜੂਨ ਨੂੰ ਇੱਕ ਐਸਆਈਟੀ ਦਾ ਗਠਨ ਕੀਤਾ ਸੀ। ਐਸਆਈਟੀ ਵਿੱਚ ਲਖਨਊ ਡਿਵੀਜ਼ਨਲ ਕਮਿਸ਼ਨਰ ਵਿਜੇ ਵਿਸ਼ਵਾਸ ਪੰਤ, ਪੁਲਿਸ ਇੰਸਪੈਕਟਰ ਜਨਰਲ ਕਿਰਨ ਐਸ., ਅਤੇ ਵਿਸ਼ੇਸ਼ ਸਕੱਤਰ (ਵਿੱਤ) ਨੀਲ ਰਤਨ ਸ਼ਾਮਲ ਹਨ।

# ਭਾਰਤ ਵਿੱਚ ਜਲਦ ਚੱਲਣਗੇ ਪਲਾਸਟਿਕ ਦੇ ਨੋਟ, RBI ਕਰ ਰਿਹਾ ਵੱਡੀ ਤਿਆਰੀ




**ਨਵੀਂ ਦਿੱਲੀ:** ਰਿਜ਼ਰਵ ਬੈਂਕ ਆਫ਼ ਇੰਡੀਆ (RBI) ਜਲਦੀ ਹੀ ਦੇਸ਼ ਵਿੱਚ ਪਲਾਸਟਿਕ ਯਾਨੀ ਪੌਲੀਮਰ ਦੇ ਬਣੇ ਨੋਟਾਂ ਦਾ ਪਹਿਲਾ ਪਾਇਲਟ ਪ੍ਰੋਜੈਕਟ ਸ਼ੁਰੂ ਕਰਨ ਜਾ ਰਿਹਾ ਹੈ। ਮੀਡੀਆ ਰਿਪੋਰਟਾਂ ਮੁਤਾਬਕ, ਇਹ ਦੇਸ਼ ਵਿੱਚ ਨਵੀਂ ਜਨਰੇਸ਼ਨ ਦੀ ਕਰੰਸੀ ਲਿਆਉਣ ਦੇ ਆਰਬੀਆਈ ਦੇ ਪਲਾਨ ਦਾ ਅਗਲਾ ਕਦਮ ਹੈ। ਰਿਜ਼ਰਵ ਬੈਂਕ ਸ਼ੁਰੂਆਤੀ ਫੇਜ਼ (ਪੜਾਅ) ਵਿੱਚ ਸਭ ਤੋਂ ਪਹਿਲਾਂ ਛੋਟੀ ਵੈਲਿਊ (ਕੀਮਤ) ਦੇ ਨੋਟਾਂ 'ਤੇ ਇਸ ਦੀ ਟੈਸਟਿੰਗ ਕਰੇਗਾ। ਅਧਿਕਾਰਤ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਪਹਿਲਾ ਪਾਇਲਟ ਪ੍ਰੋਜੈਕਟ ₹10 ਅਤੇ ₹20 ਦੀ ਕੀਮਤ ਦੇ ਛੋਟੇ ਨੋਟਾਂ ਨਾਲ ਸ਼ੁਰੂ ਹੋਣ ਦੀ ਉਮੀਦ ਹੈ। ਇਸ ਟ੍ਰਾਇਲ ਦੇ ਨਤੀਜਿਆਂ ਅਤੇ ਤਜ਼ਰਬਿਆਂ ਦੇ ਆਧਾਰ 'ਤੇ ਹੀ ਆਰਬੀਆਈ ਅਗਲਾ ਫੈਸਲਾ ਲਵੇਗਾ। ਜੇਕਰ ਇਹ ਟੈਸਟਿੰਗ ਪੂਰੀ ਤਰ੍ਹਾਂ ਸਫਲ ਰਹੀ, ਤਾਂ ਆਰਬੀਆਈ ਸਾਲ 2027 ਤੋਂ ਦੇਸ਼ ਵਿੱਚ ਇਹਨਾਂ ਪੌਲੀਮਰ ਨੋਟਾਂ ਦਾ ਫੁੱਲ-ਸਕੇਲ ਲਾਂਚ (ਵੱਡੇ ਪੱਧਰ 'ਤੇ ਸ਼ੁਰੂਆਤ) ਕਰ ਸਕਦਾ ਹੈ। ਨਵੇਂ ਨੋਟਾਂ ਦੇ ਨਾਲ-ਨਾਲ ਪੁਰਾਣੇ ਕਾਗਜ਼ੀ ਨੋਟ ਵੀ ਚੱਲਣਗੇ ਭਾਰਤੀ ਬਾਜ਼ਾਰ ਵਿੱਚ ਪੌਲੀਮਰ ਨੋਟਾਂ ਦੇ ਆਉਣ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਮੌਜੂਦਾ ਕਾਗਜ਼ੀ ਨੋਟ ਤੁਰੰਤ ਚਲਨ ਤੋਂ ਬਾਹਰ ਹੋ ਜਾਣਗੇ। ਆਰਬੀਆਈ ਨੇ ਸਾਫ਼ ਕੀਤਾ ਹੈ ਕਿ ਨਵੀਂ ਕਰੰਸੀ ਪੁਰਾਣੇ ਪੇਪਰ ਨੋਟਾਂ ਦੀ ਜਗ੍ਹਾ ਨਹੀਂ ਲਵੇਗੀ। ਕੋ-ਐਗਜ਼ਿਸਟੈਂਸ (ਸਹਿ-ਹੋਂਦ): ਬਾਜ਼ਾਰ ਵਿੱਚ ਪੌਲੀਮਰ ਅਤੇ ਪੇਪਰ ਦੋਵੇਂ ਤਰ੍ਹਾਂ ਦੇ ਨੋਟ ਇੱਕ ਸੱਥ ਚੱਲਦੇ ਰਹਿਣਗੇ। ਫੇਜ਼ ਮੁਤਾਬਕ ਬਦਲਾਅ: ਇਹ ਬਦਲਾਅ ਹੌਲੀ-ਹੌਲੀ ਅਤੇ ਪੜਾਅਵਾਰ ਤਰੀਕੇ ਨਾਲ ਕੀਤਾ ਜਾਵੇਗਾ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਬਲਾਚੌਰ 'ਚ ਸ਼੍ਰੋਮਣੀ ਅਕਾਲੀ ਦਲ ਦਾ ਵੱਡਾ ਸਿਆਸੀ ਧਮਾਕਾ: ਹਨੀ ਟੌਂਸਾ ਦੀ ਅਗਵਾਈ ਹੇਠ ਪਰਮਿੰਦਰ ਪੈਨੀ ਬਣੇ ਸਰਕਲ ਰੱਤੇਵਾਲ ਆਈ.ਟੀ. ਵਿੰਗ ਦੇ ਪ੍ਰਧਾਨ, ਲੀਡਰਸ਼ਿਪ ਵੱਲੋਂ ਜ਼ੋਰਦਾਰ ਸਵਾਗਤ

**ਬਲਾਚੌਰ, 18 ਜੁਲਾਈ (ਜਤਿੰਦਰਪਾਲ ਸਿੰਘ ਕਲੇਰ)** : ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਡਿਜੀਟਲ ਪਲੇਟਫਾਰਮ 'ਤੇ ਲਾਮਬੰਦ ਕਰਨ ਦੇ ਉਦੇਸ਼ ਨਾਲ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਥੇਬੰਦਕ ਨਿਯੁਕਤੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਤਹਿਤ ਅੱਜ ਵਿਧਾਨ ਸਭਾ ਹਲਕਾ ਬਲਾਚੌਰ ਵਿਖੇ ਪਾਰਟੀ ਦੇ ਮਿਹਨਤੀ ਆਗੂਆਂ ਅਤੇ ਵਰਕਰਾਂ ਨੂੰ ਨਵੀਆਂ ਅਹੁਦੇਦਾਰੀਆਂ ਸੌਂਪਦਿਆਂ ਇੱਕ ਅਹਿਮ ਨਿਯੁਕਤੀ ਕੀਤੀ ਗਈ ਹੈ। ਹਲਕਾ ਇੰਚਾਰਜ ਸੰਦੀਪ ਚੌਧਰੀ (ਹਨੀ ਟੌਂਸਾ) ਦੀ ਯੋਗ ਅਗਵਾਈ ਹੇਠ ਕਰਵਾਏ ਗਏ ਇੱਕ ਵਿਸ਼ੇਸ਼ ਅਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ ਪਾਰਟੀ ਦੇ ਵਫ਼ਾਦਾਰ ਆਗੂ ਪਰਮਿੰਦਰ ਕੁਮਾਰ ਪੈਨੀ ਬਰੇਤਾ ਨੂੰ ਸ਼੍ਰੋਮਣੀ ਅਕਾਲੀ ਦਲ ਸਰਕਲ ਰੱਤੇਵਾਲ ਦੇ ਆਈ.ਟੀ. ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਇਸ ਵਿਸ਼ੇਸ਼ ਮੌਕੇ 'ਤੇ ਹਲਕੇ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਵੱਡੀ ਗਿਣਤੀ ਵਿੱਚ ਹਾਜ਼ਰ ਰਹੀ, ਜਿਨ੍ਹਾਂ ਨੇ ਨਵ-ਨਿਯੁਕਤ ਪ੍ਰਧਾਨ ਦਾ ਨਿੱਘਾ ਸਵਾਗਤ ਕਰਦਿਆਂ ਪਾਰਟੀ ਹਾਈਕਮਾਂਡ ਦੇ ਇਸ ਫੈਸਲੇ ਦੀ ਜ਼ੋਰਦਾਰ ਸ਼ਲਾਘਾ ਕੀਤੀ। ਪਰਮਿੰਦਰ ਕੁਮਾਰ ਪੈਨੀ ਨੂੰ ਸਿਰੋਪਾਓ ਭੇਟ ਕਰਨ ਅਤੇ ਨਿਯੁਕਤੀ ਪੱਤਰ ਸੌਂਪਣ ਦੀ ਰਸਮ ਮੌਕੇ ਹਲਕੇ ਦੇ ਕਈ ਪ੍ਰਮੁੱਖ ਅਕਾਲੀ ਆਗੂ ਮੌਜੂਦ ਸਨ, ਜਿਨ੍ਹਾਂ ਵਿੱਚ ਰਿਟਾਇਰਡ ਡੀ.ਐਸ.ਪੀ. ਤੇ ਸੀਨੀਅਰ ਅਕਾਲੀ ਆਗੂ



ਸਤਨਾਮ ਸਿੰਘ, ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਰੱਕੜ, ਨਗਰ ਕੌਂਸਲ ਬਲਾਚੌਰ ਦੇ ਸਾਬਕਾ ਪ੍ਰਧਾਨ ਰਾਣਾ ਰਣਦੀਪ ਕੌਸ਼ਲ, ਅਵਤਾਰ ਸਿੰਘ ਨੀਲੇ ਬਾੜੇ, ਬਿੱਟੂ ਹਕਲਾ, ਬੀ.ਸੀ. ਵਿੰਗ ਸ਼ਹਿਰੀ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਚੇਚੀ, ਸੁਰਜੀਤ ਕੋਹਲੀ ਅਤੇ ਪੁਨੀਤ ਕ੍ਰਿਸ਼ਨ ਸ਼ਾਮਲ ਸਨ। ਸਮਾਗਮ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸੰਦੀਪ ਚੌਧਰੀ ਹਨੀ ਟੌਂਸਾ ਨੇ ਕਿਹਾ ਕਿ ਅੱਜ ਦੇ ਆਧੁਨਿਕ ਦੌਰ ਵਿੱਚ ਸੋਸ਼ਲ ਮੀਡੀਆ ਅਤੇ ਆਈ.ਟੀ. ਵਿੰਗ ਦੀ ਭੂਮਿਕਾ ਬਹੁਤ ਅਹਿਮ ਹੋ ਚੁੱਕੀ ਹੈ। ਉਨ੍ਹਾਂ ਉਮੀਦ ਜਤਾਈ ਕਿ ਪਰਮਿੰਦਰ ਕੁਮਾਰ ਪੈਨੀ ਦੀ ਯੋਗ ਅਗਵਾਈ ਹੇਠ ਰੱਤੇਵਾਲ ਸਰਕਲ ਦਾ ਆਈ.ਟੀ. ਵਿੰਗ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਅਤੇ ਇਤਿਹਾਸਕ ਫੈਸਲਿਆਂ ਨੂੰ ਹਰ ਇੱਕ ਘਰ ਤੱਕ ਪਹੁੰਚਾਉਣ ਵਿੱਚ ਬਹੁਤ ਵੱਡਾ ਅਤੇ ਅਹਿਮ ਯੋਗਦਾਨ ਪਾਵੇਗਾ।

ਆਪਣੀ ਇਸ ਅਹਿਮ ਨਿਯੁਕਤੀ ਤੋਂ ਬਾਅਦ ਪੱਤਰਕਾਰਾਂ ਅਤੇ ਹਾਜ਼ਰ ਆਗੂਆਂ ਨਾਲ ਗੱਲਬਾਤ ਕਰਦਿਆਂ ਨਵ-ਨਿਯੁਕਤ ਸਰਕਲ ਪ੍ਰਧਾਨ ਪਰਮਿੰਦਰ ਕੁਮਾਰ ਪੈਨੀ ਬਰੇਤਾ ਨੇ ਪਾਰਟੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਹਾਈਕਮਾਂਡ, ਜ਼ਿਲ੍ਹਾ ਲੀਡਰਸ਼ਿਪ ਅਤੇ ਵਿਸ਼ੇਸ਼ ਤੌਰ 'ਤੇ ਹਲਕਾ ਇੰਚਾਰਜ ਸੰਦੀਪ ਚੌਧਰੀ (ਹਨੀ ਟੌਂਸਾ) ਦੇ ਬਹੁਤ ਰਿਣੀ ਹਨ, ਜਿਨ੍ਹਾਂ ਨੇ ਉਨ੍ਹਾਂ ਵਰਗੇ ਇੱਕ ਸਾਧਾਰਨ ਵਰਕਰ 'ਤੇ ਇੰਨਾ ਵੱਡਾ ਭਰੋਸਾ ਜਤਾ ਕੇ ਇਹ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਪਾਰਟੀ ਲੀਡਰਸ਼ਿਪ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪੂਰੀ ਤਨਦੇਹੀ, ਇਮਾਨਦਾਰੀ ਅਤੇ ਲਗਨ ਨਾਲ ਸਰਕਲ ਰੱਤੇਵਾਲ ਦੇ ਆਈ.ਟੀ. ਵਿੰਗ ਨੂੰ ਮਜ਼ਬੂਤ ਕਰਨਗੇ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਇੱਕ ਕਰ ਦੇਣਗੇ। ਇਸ ਖ਼ੁਸ਼ੀ ਦੇ ਮੌਕੇ 'ਤੇ ਹਾਜ਼ਰ ਸੀਨੀਅਰ ਆਗੂਆਂ ਨੇ ਪਰਮਿੰਦਰ ਕੁਮਾਰ ਪੈਨੀ ਦਾ ਮੂੰਹ ਲੱਡੂਆਂ ਨਾਲ ਮਿੱਠਾ ਕਰਵਾ ਕੇ ਮੁਬਾਰਕਬਾਦ ਦਿੱਤੀ ਅਤੇ ਪਾਰਟੀ ਹਿੱਤ ਵਿੱਚ ਉਨ੍ਹਾਂ ਦੇ ਸੁਨਹਿਰੀ ਸਿਆਸੀ ਭਵਿੱਖ ਦੀ ਕਾਮਨਾ ਕੀਤੀ।

# ਉੱਤਰੀ ਸਮੁੰਦਰ 'ਚ ਤੇਲ ਤੇ ਗੈਸ ਉਤਪਾਦਨ ਨੂੰ ਮਿਲ ਸਕਦੀ ਹੈ ਹਰੀ ਝੰਡੀ : ਐਂਡੀ ਬਰਨਹਮ

**ਲੈਸਟਰ (ਇੰਗਲੈਂਡ), 18 ਜੁਲਾਈ (ਸੁਖਜਿੰਦਰ ਸਿੰਘ ਢੱਡੇ) –** ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਬਣਨ ਜਾ ਰਹੇ ਐਂਡੀ ਬਰਨਹਮ ਵੱਲੋਂ ਉੱਤਰੀ ਸਮੁੰਦਰ ਵਿੱਚ ਤੇਲ ਅਤੇ ਗੈਸ ਦੇ ਮੌਜੂਦਾ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਲਈ ਨਵੀਂ ਨੀਤੀ ਦਾ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਇਕ ਰਿਪੋਰਟ ਅਨੁਸਾਰ ਬਰਨਹਮ ਲੇਬਰ ਪਾਰਟੀ ਦੇ 2024 ਦੇ ਚੋਣੀ ਵਾਅਦੇ ਅਨੁਸਾਰ ਨਵੇਂ ਖੋਜ ਲਾਇਸੈਂਸ ਜਾਰੀ ਨਾ ਕਰਨ ਦੀ ਨੀਤੀ ਨੂੰ ਬਰਕਰਾਰ ਰੱਖਣਗੇ, ਪਰ ਪਹਿਲਾਂ ਤੋਂ ਮਨਜ਼ੂਰਸ਼ੁਦਾ ਤੇਲ ਅਤੇ ਗੈਸ ਖੇਤਰਾਂ ਵਿੱਚ ਉਤਪਾਦਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੇ ਹੱਕ ਵਿੱਚ ਫ਼ੈਸਲਾ ਲੈ ਸਕਦੇ ਹਨ। ਰਿਪੋਰਟ ਅਨੁਸਾਰ ਸਕਾਟਲੈਂਡ ਦੇ ਰੋਜ਼ਬੈਂਕ ਅਤੇ ਜੈਕਡਾ ਤੇਲ ਅਤੇ ਗੈਸ ਖੇਤਰ ਇਸ ਵੇਲੇ ਚਰਚਾ ਦੇ ਕੇਂਦਰ ਵਿੱਚ ਹਨ। ਇਨ੍ਹਾਂ ਨੂੰ ਪਹਿਲਾਂ ਹੀ ਖੋਜ ਲਈ ਲਾਇਸੈਂਸ ਮਿਲ ਚੁੱਕੇ ਹਨ ਅਤੇ ਹੁਣ ਉੱਥੇ ਵਪਾਰਕ ਉਤਪਾਦਨ ਦੀ ਮਨਜ਼ੂਰੀ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਕਾਨੂੰਨੀ ਕਾਰਵਾਈ ਜਾਰੀ ਹੋਣ ਕਾਰਨ ਅੰਤਿਮ ਫ਼ੈਸਲਾ ਨਵੀਂ ਸਰਕਾਰ ਦੇ ਊਰਜਾ ਮੰਤਰੀ ਵੱਲੋਂ ਲਿਆ ਜਾ ਸਕਦਾ ਹੈ। ਬਰਨਹਮ ਸਰਕਾਰ ਆਪਣੇ ਕਾਰਜਕਾਲ ਦੇ ਸ਼ੁਰੂ ਵਿੱਚ ਮਹਿੰਗਾਈ ਤੋਂ ਰਾਹਤ ਦੇਣ, ਕੌਂਸਲ ਘਰਾਂ ਦੀ ਉਸਾਰੀ ਨੂੰ ਉਤਸ਼ਾਹਿਤ ਕਰਨ ਅਤੇ ਪਾਣੀ ਤੇ ਊਰਜਾ ਕੰਪਨੀਆਂ ਵਿੱਚ ਵੱਧ ਜਨਤਕ ਨਿਯੰਤਰਣ ਵਰਗੇ ਕਦਮਾਂ ਦਾ ਵੀ ਐਲਾਨ ਕਰ ਸਕਦੀ ਹੈ। ਇਸ ਸੰਭਾਵਿਤ ਨੀਤੀ ਨੂੰ ਲੈ ਕੇ ਰਾਜਨੀਤਿਕ ਅਤੇ ਵਾਤਾਵਰਣ ਪੱਖੀ ਧਿਰਾਂ ਵਿੱਚ ਮਤਭੇਦ ਹਨ। ਤੇਲ ਅਤੇ ਗੈਸ ਉਦਯੋਗ ਦਾ ਮੰਨਣਾ ਹੈ ਕਿ ਇਸ ਨਾਲ ਰੋਜ਼ਗਾਰ ਅਤੇ ਊਰਜਾ ਸੁਰੱਖਿਆ ਨੂੰ ਮਜ਼ਬੂਤੀ ਮਿਲੇਗੀ, ਜਦਕਿ ਗ੍ਰੀਨ ਪਾਰਟੀ ਅਤੇ ਵਾਤਾਵਰਣ ਕਾਰਕੁਨਾਂ ਨੇ ਇਸ ਨੂੰ ਜਲਵਾਯੂ ਸੰਕਟ ਨਾਲ ਨਜਿੱਠਣ ਦੇ ਯਤਨਾਂ ਲਈ ਨੁਕਸਾਨਦਾਇਕ ਕਰਾਰ ਦਿੱਤਾ ਹੈ। ਹਾਲਾਂਕਿ ਬਰਨਹਮ ਦੇ ਕਰੀਬੀ ਸੂਤਰਾਂ ਦਾ ਕਹਿਣਾ ਹੈ ਕਿ ਇਸ ਸਬੰਧੀ ਅਜੇ ਕੋਈ ਅੰਤਿਮ ਫ਼ੈਸਲਾ ਨਹੀਂ ਲਿਆ ਗਿਆ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਤਿਹਾਸਕ ਜਲੰਧਰ ਫੇਰੀ ਦੌਰਾਨ ਭਾਜਪਾ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਰਾਜਵਿੰਦਰ ਸਿੰਘ ਲੱਕੀ ਨੇ ਕੀਤੀ ਵਿਸ਼ੇਸ਼ ਮੁਲਾਕਾਤ, ਪੰਜਾਬ ਨੂੰ ਮਿਲੇ ਵਿਕਾਸੀ ਤੋਹਫ਼ਿਆਂ ਲਈ ਪ੍ਰਗਟਾਇਆ ਕੇਂਦਰ ਦਾ ਧੰਨਵਾਦ

**ਨਵਾਂਸ਼ਹਿਰ , 18 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਐਡਵੋਕੇਟ ਰਾਜਵਿੰਦਰ ਸਿੰਘ ਲੱਕੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਤਿਹਾਸਕ ਜਲੰਧਰ ਫੇਰੀ ਦੌਰਾਨ ਉਨ੍ਹਾਂ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਬੇਹੱਦ ਮੌਕੇ 'ਤੇ ਉਨ੍ਹਾਂ ਪ੍ਰਧਾਨ ਮੰਤਰੀ ਦਾ ਪੰਜਾਬ ਦੀ ਪਵਿੱਤਰ ਧਰਤੀ 'ਤੇ ਆਉਣ ਲਈ ਦਿਲ ਦੀਆਂ ਗਹਿਰਾਈਆਂ ਤੋਂ ਨਿੱਘਾ ਸਵਾਗਤ ਕੀਤਾ ਅਤੇ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਕੇਂਦਰ ਸਰਕਾਰ ਵੱਲੋਂ ਦਿੱਤੇ ਜਾ ਰਹੇ ਵੱਡੇ ਤੋਹਫ਼ਿਆਂ ਅਤੇ ਅਹਿਮ ਪ੍ਰੋਜੈਕਟਾਂ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਪ੍ਰਗਟਾਇਆ।

ਇਸ ਉੱਚ-ਪੱਧਰੀ ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਰਾਜਵਿੰਦਰ ਸਿੰਘ ਲੱਕੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਹੇਠ ਕੇਂਦਰ ਸਰਕਾਰ ਨੇ ਪੰਜਾਬ ਦੇ ਵਿਕਾਸ, ਉਦਯੋਗਿਕ ਤਰੱਕੀ, ਬੁਨਿਆਦੀ ਢਾਂਚੇ ਦੇ ਵਿਸਥਾਰ, ਕਿਸਾਨਾਂ ਦੀ ਭਲਾਈ, ਰਾਸ਼ਟਰੀ ਮਾਰਗਾਂ, ਰੇਲਵੇ ਅਤੇ ਸਿਹਤ ਸਹੂਲਤਾਂ ਦੇ ਖੇਤਰ ਵਿੱਚ ਇਤਿਹਾਸਕ ਕਾਰਜ ਕੀਤੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੋਦੀ ਸਰਕਾਰ ਦੀਆਂ ਲੋਕ-ਹਿਤੈਸ਼ੀ ਅਤੇ ਲੋਕ-ਕਲਿਆਣਕਾਰੀ ਨੀਤੀਆਂ ਦਾ ਸਿੱਧਾ ਲਾਭ ਅੱਜ ਪੰਜਾਬ ਦੇ ਹਰ ਵਰਗ ਦੇ ਲੋਕਾਂ ਤੱਕ ਬਿਨਾਂ ਕਿਸੇ ਭੇਦਭਾਵ ਦੇ ਪਹੁੰਚ ਰਿਹਾ ਹੈ, ਜਿਸ



ਨਾਲ ਸੂਬੇ ਦੇ ਲੋਕਾਂ ਦੇ ਜੀਵਨ ਪੱਧਰ ਵਿੱਚ ਵੱਡਾ ਸੁਧਾਰ ਆਇਆ ਹੈ।

ਉਨ੍ਹਾਂ ਅੱਗੇ ਆਖਿਆ ਕਿ ਜਲੰਧਰ ਫੇਰੀ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਪੰਜਾਬ ਲਈ ਕੀਤੇ ਗਏ ਵੱਡੇ ਐਲਾਨ ਅਤੇ ਵਿਕਾਸੀ ਪ੍ਰੋਜੈਕਟ ਆਉਣ ਵਾਲੇ ਸਮੇਂ ਵਿੱਚ ਸੂਬੇ ਦੀ ਆਰਥਿਕਤਾ ਨੂੰ ਵੱਡੀ ਮਜ਼ਬੂਤੀ ਪ੍ਰਦਾਨ ਕਰਨਗੇ ਅਤੇ ਇਸ ਦੇ ਨਾਲ ਹੀ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਤੇ ਸੁਨਹਿਰੀ ਮੌਕੇ ਪੈਦਾ ਕਰਨ ਵਿੱਚ ਸਹਾਈ ਸਿੱਧ ਹੋਣਗੇ। ਲੱਕੀ ਨੇ ਸਾਫ਼ ਕੀਤਾ ਕਿ ਭਾਰਤੀ ਜਨਤਾ ਪਾਰਟੀ ਹਮੇਸ਼ਾ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਪੂਰਨ ਤੌਰ 'ਤੇ ਵਚਨਬੱਧ ਰਹੀ ਹੈ ਅਤੇ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਤਰੱਕੀ ਲਈ ਹਰ ਸੰਭਵ ਸਹਿਯੋਗ ਅਤੇ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ। ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਜ਼ਿਕਰ ਕਰਦਿਆਂ ਰਾਜਵਿੰਦਰ ਸਿੰਘ ਲੱਕੀ ਨੇ ਕਿਹਾ ਕਿ ਸੂਬੇ ਦੇ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਸੋਚ, ਮਜ਼ਬੂਤ ਲੀਡਰਸ਼ਿਪ ਅਤੇ ਦੇਸ਼ ਨੂੰ ਵਿਸ਼ਵ ਪੱਧਰ 'ਤੇ ਨਵੀਆਂ ਉਚਾਈਆਂ ਤੱਕ ਲੈ ਜਾਣ ਲਈ ਦਿੱਤੇ ਜਾ ਰਹੇ ਯੋਗਦਾਨ ਦੀ ਦਿਲੋਂ ਸ਼ਲਾਘਾ ਕਰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਭਾਰਤ ਦੁਨੀਆ ਦੀਆਂ ਪ੍ਰਮੁੱਖ ਅਰਥਵਿਵਸਥਾਵਾਂ ਵਿੱਚ ਅਗਲੇਰੀ ਕਤਾਰ ਵਿੱਚ ਸ਼ਾਮਲ ਹੋ ਰਿਹਾ ਹੈ, ਜਿਸ ਦਾ ਸਿੱਧਾ ਫਾਇਦਾ ਪੰਜਾਬ ਸਮੇਤ ਦੇਸ਼ ਦੇ ਹਰ ਸੂਬੇ ਨੂੰ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਨਾਲ ਹੋਈ ਇਸ ਸੰਖੇਪ ਪਰ ਪ੍ਰਭਾਵਸ਼ਾਲੀ ਗੱਲਬਾਤ ਦੌਰਾਨ ਪੰਜਾਬ ਦੇ ਸਮੁੱਚੇ ਵਿਕਾਸ, ਉਦਯੋਗਿਕ ਖੇਤਰ ਦੀਆਂ ਮੁੱਖ ਲੋੜਾਂ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕਿਆਂ ਬਾਰੇ ਵੀ ਗੰਭੀਰ ਚਰਚਾ ਹੋਈ, ਜਿਸ 'ਤੇ ਪ੍ਰਧਾਨ ਮੰਤਰੀ ਨੇ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਪ੍ਰਤੀ ਆਪਣੀ ਦ੍ਰਿੜ ਵਚਨਬੱਧਤਾ ਨੂੰ ਮੁੜ ਦੁਹਰਾਇਆ। ਅੰਤ ਵਿੱਚ ਭਾਜਪਾ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਸਮੂਹ ਪੰਜਾਬ ਵਾਸੀਆਂ ਦੀ ਤਰਫੋਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦਾ ਇੱਕ ਵਾਰ ਫਿਰ ਤਹਿ ਦਿਲੋਂ ਸ਼ੁਕਰਾਨਾ ਕੀਤਾ ਅਤੇ ਪੰਜਾਬ ਨੂੰ ਮਿਲੇ ਅਣਮੁੱਲੇ ਵਿਕਾਸੀ ਤੋਹਫ਼ਿਆਂ ਲਈ ਅਭਾਰ ਪ੍ਰਗਟਾਇਆ। ਉਨ੍ਹਾਂ ਉਮੀਦ ਜਤਾਈ ਕਿ ਆਉਣ ਵਾਲੇ ਸਮੇਂ ਵਿੱਚ ਵੀ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਪੰਜਾਬ ਵਿਕਾਸ ਅਤੇ ਖੁਸ਼ਹਾਲੀ ਦੀਆਂ ਨਵੀਆਂ ਬੁਲੰਦੀਆਂ ਅਤੇ ਇਤਿਹਾਸਕ ਸਿਖਰਾਂ ਨੂੰ ਛੂਹੇਗਾ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪਿੰਡ ਲੱਖਾ ਤੋ ਮੁੱਖ ਮੰਤਰੀ ਤੀਰਥ ਯਾਤਰਾ ਵੱਖ-ਵੱਖ ਗੁਰੂ ਧਾਮਾ ਲਈ ਰਵਾਨਾ

**ਰਾਏਕੋਟ, 18 ਜੁਲਾਈ ਗੁਰਭਿੰਦਰ ਗੁਰੀ।** ਪੰਜਾਬ ਦੀ ‘ਆਪ’ਸਰਕਾਰ ਵੱਲੋ ਚਲਾਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਅੱਜ ਪਿੰਡ ਲੱਖਾ ਤੋ ਯਾਤਰੀਆ ਦੀ ਇੱਕ ਬੱਸ ਵੱਖ-ਵੱਖ ਗੁਰੂ ਧਾਮਾ ਦੇ ਦਰਸਨਾ ਲਈ ਸਵਰਨਕਾਰ ਬੋਰਡ ਦੇ ਹਲਕਾ ਜਗਰਾਉ ਦੇ ਚੇਅਰਮੈਨ ਸੁਰਿੰਦਰ ਸਿੰਘ ਲੱਖਾ ਦੀ ਅਗਵਾਈ ਹੇਠ ਰਵਾਨਾ ਹੋਈ।ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਦਾ ਧੰਨਵਾਦ ਕਰਦਿਆ ਚੇਅਰਮੈਨ ਸੁਰਿੰਦਰ ਸਿੰਘ ਲੱਖਾ ਅਤੇ ਬਲਾਕ ਪ੍ਰਧਾਨ ਭਾਈ ਤਰਸੇਮ ਸਿੰਘ ਖਾਲਸਾ ਹਠੂਰ ਨੇ ਕਿਹਾ ਕਿ ਇਹ ਯਾਤਰਾ ਪਿੰਡ ਲੱਖਾ ਤੋ ਸੁਰੂ ਹੋ ਕੇ ਸ੍ਰੀ ਤਰਨਤਾਰਨ ਸਾਹਿਬ,ਤਖਤ ਸ੍ਰੀ ਅਕਾਲ ਤੱਖਤ ਸਾਹਿਬ,ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਸ੍ਰੀ ਦੁਰਗਿਆਨਾ ਮੰਦਰ, ਸ੍ਰੀ ਰਾਮ ਤੀਰਥ,ਵਾਹਗਾ ਬਾਰਡਰ,




**ਪਿੰਡ ਲੱਖਾ ਤੋ ਤੀਰਥ ਯਾਤਰਾ ਰਵਾਨਾ ਹੋਣ ਸਮੇਂ ਸੁਰਿੰਦਰ ਸਿੰਘ ਲੱਖਾ ਅਤੇ ਯਾਤਰੀ।**

ਸ੍ਰੀ ਬਾਬਾ ਬੁੱਢਾ ਸਿੰਘ ਜੀ ਆਦਿ ਸਥਾਨਾ ਦੇ ਦਰਸਨ ਕਰਨ ਉਪਰੰਤ ਵਾਪਸ ਐਤਵਾਰ ਨੂੰ ਪਿੰਡ ਲੱਖਾ ਵਿਖੇ ਪਹੁੰਚੇਗੀ।ਉਨ੍ਹਾ ਦੱਸਿਆ ਕਿ ਇਸ ਯਤਾਰਾ ਵਿਚ 50 ਸਾਲ ਦੀ ਉਮਰ ਤੋ ਵੱਧ ਵਾਲੇ ਵਿਅਕਤੀ ਯਾਤਰਾ ਕਰਨਗੇ।ਇਸ ਮੌਕੇ ਉਨ੍ਹਾ ਨਾਲ ਹਰਜੀਤ ਸਿੰਘ ਗਿੱਲ,ਸੁਖਚੈਨ ਸਿੰਘ ਹਠੂਰ, ਕਿਸਾਨ ਵਿੰਗ ਦੇ ਜਿਲ੍ਹਾ ਸੈਕਟਰੀ ਗੁਰਦੀਪ ਸਿੰਘ ਭੁੱਲਰ ਚਕਰ, ਪ੍ਰਧਾਨ ਹਰੀ ਪਾਲ ਸਿੰਘ, ਬਾਬਾ ਭੁਪਿੰਦਰ ਸਿੰਘ, ਇੰਦਰਪਾਲ ਸਿੰਘ, ਕੁਲਵੰਤ ਸਿੰਘ, ਚਮਕੌਰ ਸਿੰਘ, ਮੇਜਰ ਸਿੰਘ, ਸੁਖਚੈਨ ਸਿੰਘ, ਹਰਜੀਤ ਸਿੰਘ ਗਿੱਲ, ਜਰਨੈਲ ਸਿੰਘ,ਬਲਵੀਰ ਸਿੰਘ ਆਦਿ

# ਕਿਰਤੀ ਕਿਸਾਨ ਯੂਨੀਅਨ ਦਾ ਵਫ਼ਦ ਐਸ ਐਸ ਪੀ ਜਗਰਾਓ ਨੂੰ ਮਿਲਿਆ

**ਰਾਏਕੋਟ, 18 ਜੁਲਾਈ ਗੁਰਭਿੰਦਰ ਗੁਰੀ।** ਝੋਨੇ ਦੀ ਪਰਾਲੀ ਸਾੜਨ ਦੇ ਝੂਠੇ ਪਰਚੇ ਰੱਦ ਕਰਵਾਉਣ ਲਈ ਅੱਜ ਕਿਰਤੀ ਕਿਸਾਨ ਯੂਨੀਅਨ ਦਾ ਵਫ਼ਦ ਪੁਲਿਸ ਜਿਲ੍ਹਾ ਲੁਧਿਆਣਾ (ਦਿਹਾਤੀ) ਦੇ ਐਸ ਐਸ ਪੀ ਡਾ:ਆਕੁੰਰ ਗੁੱਪਤਾ ਨੂੰ ਮਿਲਿਆ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਾਧੂ ਸਿੰਘ ਅੱਚਰਵਾਲ ਨੇ ਦੱਸਿਆ ਕਿ ਥਾਣਾ ਹਠੂਰ ਦੀ ਪੁਲਿਸ ਪਿੰਡ ਝੋਰੜਾਂ ਦੇ ਕਿਸਾਨ ਜਗਰੂਪ ਸਿੰਘ ਗਿੱਲ, ਸੁਰਜੀਤ ਸਿੰਘ , ਗੁਰਮੇਲ ਸਿੰਘ, ਲੈਂਹਬਰ ਸਿੰਘ, ਸੁਰਜੀਤ ਸਿੰਘ, ਜਗਤਾਰ ਸਿੰਘ, ਬਲਵਿੰਦਰ ਸਿੰਘ ਦੇ ਘਰ ਆ ਕੇ ਕਿਸਾਨਾਂ ਨੂੰ ਕਹਿ ਰਹੀ ਹੈ ਕਿ ਤੁਸੀਂ 2024 ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਸੀ।ਇਸ ਕਰਕੇ ਤੁਹਾਡੇ ਉਤੇ ਮੁਕੱਦਮਾ ਦਰਜ ਹੈ।ਇਸ ਮੌਕੇ ਕਿਸਾਨ ਆਗੂਆ ਨੇ ਦੱਸਿਆ ਕਿ ਇਨ੍ਹਾਂ ਕਿਸਾਨਾਂ ਵਿੱਚ ਜ਼ਿਆਦਾ ਗਿਣਤੀ ਆਲੂਆਂ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੀ ਹੈ ਜੋ ਪਰਾਲੀ ਨੂੰ ਅੱਗ ਨਹੀਂ ਲਗਾਉਂਦੇ ਸਗੋਂ ਆਲੂਆਂ ਲਈ ਪਰਾਲੀ ਨੂੰ ਸੰਭਾਲ ਕੇ ਰੱਖਦੇ



**ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਾਧੂ ਸਿੰਘਅੱਚਰਵਾਲ ਪੱਤਰਕਾਰਾ ਨਾਲ ਗੱਲਬਾਤ ਕਰਦੇ ਹੋਏ।**

ਹਨ । ਉਨ੍ਹਾਂ ਕਿਹਾ ਕਿ ਜੋ ਕਿਸਾਨਾਂ ਤੇ ਝੂਠੇ ਪਰਚੇ ਦਰਜ ਕੀਤੇ ਗਏ ਹਨ ਉਨ੍ਹਾ ਨੂੰ ਤੁਰੰਤ ਰੱਦ ਕੀਤਾ ਜਾਵੇ।ਜੇਕਰ ਪਰਚੇ ਰੱਦ ਨਾ ਹੋਏ ਤਾਂ ਕਿਸ਼ਾਨਾਂ ਵਲੋਂ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾ ਨਾਲ ਪ੍ਰਧਾਨ ਗੁਰਚਰਨ ਸਿੰਘ ਰਸੂਲਪੁਰ, ਗੁਰਮੀਤ ਸਿੰਘ ਰਸੂਲਪੁਰ, ਸੁਖਪ੍ਰੀਤ ਸਿੰਘ ਸਿੱਧੂ,ਹਰਪ੍ਰੀਤ ਸਿੰਘ ਸਿੱਧੂ,ਕਿਸਾਨ ਆਗੂ ਚਰਨਜੀਤ ਸਿੰਘ ਭੰਮੀਪੁਰਾ, ਬਲਦੇਵ ਸਿੰਘ ਮਾਣੂੰਕੇ, ਜਲੌਰ ਸਿੰਘ , ਗੁਰਚਰਨ ਸਿੰਘ ਬਾਬੇ ਕੇ, ਰਮਨਜੀਤ ਝੋਰੜਾਂ ਆਦਿ ਹਾਜ਼ਰ ਸਨ।

# ਲਗਾਤਾਰ ਯਤਨਾਂ ਨਾਲ ਡੇਰਾਬੱਸੀ ਦੇ ਕਈ ਵਾਰਡਾਂ ਵਿੱਚ ਬਿਜਲੀ ਸੰਕਟ ਦਾ ਹੱਲ, ਲੋਕਾਂ ਨੇ ਪ੍ਰਧਾਨ ਆਸ਼ੂ ਉਪਨੇਜਾ ਦਾ ਕੀਤਾ ਧੰਨਵਾਦ

**ਡੇਰਾਬੱਸੀ, 18 ਜੁਲਾਈ(ਸੰਜੀਵ ਸਿੰਘ ਸੈਣੀ)** ਪਿਛਲੇ ਕਈ ਦਿਨਾਂ ਤੋਂ ਡੇਰਾਬੱਸੀ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਬਿਜਲੀ ਸਪਲਾਈ ਪ੍ਰਭਾਵਿਤ ਰਹਿਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਬਿਜਲੀ ਕੱਟ, ਘੱਟ ਵੋਲਟੇਜ ਅਤੇ ਟਰਾਂਸਫਾਰਮਰਾਂ 'ਤੇ ਵੱਧ ਲੋਡ ਹੋਣ ਕਾਰਨ ਖ਼ਾਸ ਕਰਕੇ ਤਪਦੀ ਗਰਮੀ ਵਿੱਚ ਸ਼ਹਿਰ ਵਾਸੀਆਂ ਦੀ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਇਸ ਗੰਭੀਰ ਸਮੱਸਿਆ ਨੂੰ ਦੇਖਦੇ ਹੋਏ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਨਗਰ ਕੌਂਸਲ ਡੇਰਾਬੱਸੀ ਦੀ ਪ੍ਰਧਾਨ ਆਸ਼ੂ ਉਪਨੇਜਾ ਦੇ ਪਤੀ ਅਤੇ ਸਮਾਜ ਸੇਵੀ ਨਰੇਸ਼ ਉਪਨੇਜਾ ਦੀ ਦੇਖ-ਰੇਖ ਹੇਠ ਬਿਜਲੀ ਵਿਭਾਗ ਨਾਲ ਤਾਲਮੇਲ ਕਰਕੇ ਵੱਖ-ਵੱਖ ਇਲਾਕਿਆਂ ਵਿੱਚ ਤੁਰੰਤ ਕੰਮ ਕਰਵਾਏ ਗਏ। ਜਿੱਥੇ ਨਵੇਂ ਟਰਾਂਸਫਾਰਮਰਾਂ ਦੀ ਲੋੜ ਸੀ, ਉੱਥੇ ਨਵੇਂ ਟਰਾਂਸਫਾਰਮਰ ਲਗਵਾਏ ਗਏ ਅਤੇ ਜਿਨ੍ਹਾਂ ਇਲਾਕਿਆਂ ਵਿੱਚ ਘੱਟ ਸਮਰੱਥਾ ਵਾਲੀਆਂ ਬਿਜਲੀ ਤਾਰਾਂ ਕਾਰਨ ਲੋਡ ਦੀ ਸਮੱਸਿਆ ਆ ਰਹੀ ਸੀ, ਉੱਥੇ ਉੱਚ ਸਮਰੱਥਾ ਵਾਲੀਆਂ ਪਾਵਰ ਕੇਬਲਾਂ ਵਿਛਾਈਆਂ ਗਈਆਂ।

ਇਸ ਮੁਹਿੰਮ ਤਹਿਤ ਮੋਹਨ ਨਗਰ, ਸਾਧੂ ਨਗਰ, ਰੋਣੀ ਮੁਹੱਲਾ ਸਮੇਤ ਕਈ ਹੋਰ ਵਾਰਡਾਂ ਵਿੱਚ ਲੰਬੇ ਸਮੇਂ ਤੋਂ ਚੱਲ ਰਹੀਆਂ ਬਿਜਲੀ ਸਬੰਧੀ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਗਿਆ। ਕੰਮ ਪੂਰਾ ਹੋਣ ਤੋਂ ਬਾਅਦ ਬਿਜਲੀ ਸਪਲਾਈ ਵਿੱਚ ਕਾਫ਼ੀ ਸੁਧਾਰ




ਆਇਆ ਹੈ, ਜਿਸ ਨਾਲ ਇਲਾਕਾ ਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ।

ਨਗਰ ਕੌਂਸਲ ਪ੍ਰਧਾਨ ਆਸ਼ੂ ਉਪਨੇਜਾ ਨੇ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਕਿਹਾ, "ਲੋਕਾਂ ਦੀ ਹਰ ਸਮੱਸਿਆ ਦਾ ਸਮੇਂ ਸਿਰ ਹੱਲ ਕਰਨਾ ਸਾਡੀ ਜ਼ਿੰਮੇਵਾਰੀ ਹੈ। ਬਿਜਲੀ ਸਬੰਧੀ ਜਿਹੜੀਆਂ ਵੀ ਸ਼ਿਕਾਇਤਾਂ ਸਾਹਮਣੇ ਆਈਆਂ, ਉਨ੍ਹਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਬਿਜਲੀ ਵਿਭਾਗ ਦੇ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਰੱਖਿਆ ਗਿਆ ਅਤੇ ਜਿੱਥੇ ਵੀ ਲੋੜ ਮਹਿਸੂਸ ਹੋਈ, ਉੱਥੇ ਤੁਰੰਤ ਟਰਾਂਸਫਾਰਮਰ ਅਤੇ ਨਵੀਆਂ ਕੇਬਲਾਂ ਲਗਵਾਈਆਂ ਗਈਆਂ। ਆਉਣ ਵਾਲੇ ਸਮੇਂ ਵਿੱਚ ਵੀ ਸ਼ਹਿਰ ਦੇ ਵਿਕਾਸ ਅਤੇ ਲੋਕਾਂ ਦੀਆਂ ਮੁੱਢਲੀਆਂ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ ਲਈ ਲਗਾਤਾਰ ਕੰਮ ਕੀਤਾ ਜਾਵੇਗਾ।"

ਉਨ੍ਹਾਂ ਨੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਬਿਜਲੀ ਸਬੰਧੀ ਸਮੱਸਿਆਵਾਂ ਦੇ ਹੱਲ ਲਈ ਲੋੜੀਂਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਅਮਲ ਵਿੱਚ ਲਿਆਂਦਾ ਗਿਆ।

ਉੱਧਰ, ਮੋਹਨ ਨਗਰ, ਸਾਧੂ ਨਗਰ, ਰੋਣੀ ਮੁਹੱਲਾ ਅਤੇ ਹੋਰ ਪ੍ਰਭਾਵਿਤ ਇਲਾਕਿਆਂ ਦੇ ਵਸਨੀਕਾਂ ਨੇ ਬਿਜਲੀ ਸਪਲਾਈ ਵਿੱਚ ਆਏ ਸੁਧਾਰ 'ਤੇ ਖੁਸ਼ੀ ਪ੍ਰਗਟ ਕਰਦਿਆਂ ਨਗਰ ਕੌਂਸਲ ਪ੍ਰਧਾਨ ਆਸ਼ੂ ਉਪਨੇਜਾ, ਨਰੇਸ਼ ਉਪਨੇਜਾ, ਵਿਧਾਇਕ ਕੁਲਜੀਤ ਸਿੰਘ ਰੰਧਾਵਾ ਅਤੇ ਬਿਜਲੀ ਵਿਭਾਗ ਦਾ ਧੰਨਵਾਦ ਕੀਤਾ। ਇਲਾਕਾ ਵਾਸੀਆਂ ਨੇ ਕਿਹਾ ਕਿ ਸਮੇਂ ਸਿਰ ਕੀਤੀ ਕਾਰਵਾਈ ਨਾਲ ਉਨ੍ਹਾਂ ਨੂੰ ਤਪਦੀ ਗਰਮੀ ਵਿੱਚ ਵੱਡੀ ਰਾਹਤ ਮਿਲੀ ਹੈ ਅਤੇ ਹੁਣ ਬਿਜਲੀ ਸਪਲਾਈ ਪਹਿਲਾਂ ਨਾਲੋਂ ਕਾਫ਼ੀ ਸੁਚਾਰੂ ਹੋ ਗਈ ਹੈ।

# ਪਵਿੱਤਰ ਸ਼ਹਿਰ ਵਿਚ ਸਿੱਖਿਆ ਸੰਸਥਾਵਾਂ ਨੇੜੇ ਗੰਦਗੀ ਦੇ ਢੇਰ ਸਫਾਈ ਵਿਵਸਥਾ ਤੇ ਸਵਾਲੀਆ ਨਿਸ਼ਾਨ



ਪਵਿੱਤਰ ਸ਼ਹਿਰ ਵਿੱਚ ਲੱਗੇ ਗੰਦਗੀ ਦੇ ਕੂੜੇ ਦੇ ਢੇਰ ਦਾ ਦ੍ਰਿਸ਼

**ਕਪੂਰਥਲਾ , 18 ਜੁਲਾਈ ( ਕੌੜਾ )–** ਨਗਰ ਕੌਂਸਲ ਸੁਲਤਾਨਪੁਰ ਲੋਧੀ ਵੱਲੋਂ ਕਮੇਟੀ ਦੀ ਚੋਣ ਤੋਂ ਬਾਅਦ ਪ੍ਰਧਾਨ ਤੇ ਉੱਪ ਪ੍ਰਧਾਨ ਦੀ ਚੋਣ ਵੀ ਹੋ ਚੁੱਕੀ ਹੈ। ਉੱਥੇ ਹੀ ਸ਼ਹਿਰ ਵਿੱਚ ਕੂੜੇ ਦੇ ਢੇਰ ਅਜੇ ਵੀ ਨਗਰ ਕੌਂਸਲ ਦੇ ਕੰਮਾਂ ਉੱਤੇ ਸਵਾਲੀਆ ਨਿਸ਼ਾਨ ਲਗਾ ਰਹੇ ਹਨ। ਇਸ ਦੀ ਤਾਜ਼ਾ ਉਦਾਹਰਨ ਗੁਰਦੁਆਰਾ ਅੰਤਰ ਯਾਮਤਾ ਪਾਰਕ ਦੇ ਨੇੜੇ ਤੇ ਬਲਾਕ ਸਿੱਖਿਆ ਦਫਤਰ ਮਸੀਤਾਂ ਦੇ ਗੇਟ ਦੇ ਸਾਹਮਣੇ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਚੌਂਕ ਵਿੱਚ ਲੱਗੇ ਕੂੜੇ ਦੇ ਢੇਰਾਂ ਤੋਂ ਮਿਲਦੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ਹਿਰ ਦੇ ਲੋਕਾਂ ਨੇ ਦੱਸਿਆ ਕਿ ਇਹ ਕੂੜੇ ਦੇ ਢੇਰਾਂ ਨਾਲ ਜਿੱਥੇ ਬਦਬੂ ਫੈਲ ਰਹੀ ਹੈ। ਉੱਥੇ ਬਿਮਾਰੀਆਂ ਫ਼ੈਲਣ ਦਾ ਵੀ ਖਦਸ਼ਾ ਬਣਿਆ ਹੋਇਆ ਹੈ। ਉੱਥੇ ਹੀ ਆਉਣ ਜਾਣ ਵਾਲੇ ਸਾਰੇ ਹੀ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਦੱਸਿਆ ਕਿ ਇਹ ਕੂੜਾ ਰਾਤ ਸਮੇਂ ਸੁੱਟ ਦਿੱਤਾ ਜਾਂਦਾ ਹੈ। ਜਿਸ ਕਾਰਨ ਸਵੇਰ ਨੂੰ ਇਸ ਵਿੱਚੋਂ ਬਹੁਤ ਗੰਦੀ ਮਤਲਬ ਆਉਂਦੀ ਹੈ,ਤੇ ਲੋਕ ਜਦੋਂ ਬੱਸ ਸਟੈਂਡ ਤੇ ਬੱਸ ਚੜਨ ਲਈ ਜਾਂਦੇ ਹਨ ਜਾਂ ਗੁਰਦੁਆਰਾ ਅੰਤਰਯਾਮਤਾ ਦੇ ਦਰਸ਼ਨਾਂ ਜਾਂ ਬੇਰ ਸਾਹਿਬ ਲਈ ਜਾਂਦੇ ਹਨ ਤਾਂ ਉਹਨਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨ ਦੇ ਨਾਲ ਨਾਲ ਮੂੰਹ ਢੱਕ ਕੇ ਇਥੋਂ ਦੀ ਗੁਜਰਨਾ ਪੈਂਦਾ ਹੈ। ਲੋਕਾਂ ਨੇ ਕਿਹਾ ਕਿ ਵੋਟਾਂ ਤੋਂ ਪਹਿਲਾਂ ਤਾਂ ਆਪ ਸਰਕਾਰ ਦੇ ਹਲਕਾ ਇੰਚਾਰਜ ਵੱਲੋਂ ਆਪਣੇ ਹੱਥਾਂ ਤੇ ਦਸਤਾਨੇ ਪਾ ਕੇ ਇਹਨਾਂ ਵਾਰਡਾਂ ਵਿੱਚ ਸਫਾਈ ਕੀਤੀ ਜਾ ਰਹੀ ਸੀ,ਪ੍ਰੰਤੂ ਨਗਰ ਕੌਂਸਲ ਦੀਆਂ ਚੋਣਾਂ ਤੋਂ ਬਾਅਦ ਵੀ ਸ਼ਹਿਰ ਦੀ ਸਫਾਈ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਲੋਕਾਂ ਨੇ ਨਗਰ ਕੌਂਸਲ ਤੋਂ ਮੰਗ ਕੀਤੀ ਹੈ ਕਿ ਸ਼ਹਿਰ ਦੀ ਪਵਿੱਤਰਤਾ ਨੂੰ ਬਹਾਲ ਰੱਖਦੇ ਹੋਏ। ਇਹਨਾਂ ਕੂੜੇ ਦੇ ਢੇਰਾਂ ਨੂੰ ਜਲਦ ਤੋਂ ਜਲਦ ਚਕਾਇਆ ਜਾਵੇ ਤੇ ਲੋਕਾਂ ਨੂੰ ਇਸ ਬਦਬੂਦਾਰ ਕੂੜੇ ਦੇ ਢੇਰਾਂ ਤੋਂ ਨਿਯਾਤ ਦਿਵਾਈ ਜਾਵੇ।

# ਰੋਟਰੀ ਕਲੱਬ ਆਫ਼ ਲੁਧਿਆਣਾ ਹਰਮੋਨੀ ਵੱਲੋਂ ਆਯੋਜਿਤ ਕੀਤੀ ਗਈ ਇੰਸਟਾਲੇਸ਼ਨ ਸੈਰਾਮਨੀ

**● ਉਸਾਰੂ ਸੋਚ ਨੂੰ ਸਮਾਜ ਭਲਾਈ ਦੇ ਕਾਰਜਾਂ 'ਚ ਲਗਾਉਣਾ ਅਸਲ ਮਨੁੱਖੀ ਸੇਵਾ– ਰੋਟਰੀਅਨ ਅਨੀਲ ਸਿੰਗਲ ਡਿਸਟ੍ਰਿਕ ਗਵਰਨਰ 3070 ● *ਨਵ ਨਿਯੁਕਤ ਪ੍ਰਧਾਨ ਰੋਟਰੀਅਨ ਡਾ: ਪ੍ਰਗਿਆ ਸ਼ਰਮਾ ਨੂੰ ਕੀਤਾ ਗਿਆ ਸਨਮਾਨਿਤ**









**ਲੁਧਿਆਣਾ 18 ਜੁਲਾਈ (ਕਰਨੈਲ ਸਿੰਘ ਐੱਮ.ਏ.)** ਇਨਸਾਨੀ ਕਦਰਾਂ ਕੀਮਤਾਂ ਤੇ ਪਹਿਰਾ ਦੇਣਾ ਅਤੇ ਆਪਣੀ ਉਸਾਰੂ ਸੋਚ ਨੂੰ ਸਮਾਜ ਭਲਾਈ ਦੇ ਕਾਰਜਾਂ ਵਿੱਚ ਲਗਾਉਣਾ ਹੀ ਅਸਲ ਮਨੁੱਖੀ ਸੇਵਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰੋਟਰੀਅਨ ਅਨੀਲ ਸਿੰਗਲ ਡਿਸਟ੍ਰਿਕ ਗਵਰਨਰ 3070 ਨੇ ਬੀਤੀ ਸ਼ਾਮ ਫੈਂਕਲਟੀ ਕਲੱਬ ਪੀ.ਏ.ਯੂ. ਲੁਧਿਆਣਾ

ਵਿਖੇ ਰੋਟਰੀ ਕਲੱਬ ਆਫ਼ ਲੁਧਿਆਣਾ ਹਰਮੋਨੀ ਦੇ ਵੱਲੋਂ ਆਯੋਜਿਤ ਕੀਤੀ ਗਈ ਇੰਸਟਾਲੇਸ਼ਨ ਸੈਰਾਮਨੀ ਦੌਰਾਨ ਰੋਟਰੀ ਕਲੱਬ ਆਫ਼ ਲੁਧਿਆਣਾ ਹਰਮੋਨੀ ਦੇ ਸਮੂਹ ਮੈਬਰਾਂ ਤੇ ਕਲੱਬ ਦੇ ਪ੍ਰਮੁੱਖ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਸੰਬੋਧਨ ਵਿੱਚ ਕਿਹਾ ਕਿ ਸਮੁੱਚੇ ਸਮਾਜ ਵਿੱਚ ਮਨੁੱਖਤਾ ਦੀ ਸੇਵਾ ਕਰਨ ਤੇ ਸਮਾਜ ਸੇਵੀ ਕਾਰਜਾਂ ਨੂੰ ਯੋਜਨਾਬੱਧ ਤਰੀਕੇ ਨਾਲ ਚਲਾਉਣ ਲਈ ਜੋ ਮਨੁੱਖੀ ਸੇਵਾ ਮੁਹਿੰਮ ਇੱਕਲੌਤੇ ਇਸਤਰੀਆਂ ਦੇ ਅਧਾਰਿਤ ਬਣੇ ਕਲੱਬ ਰੋਟਰੀ ਕਲੱਬ ਆਫ਼ ਲੁਧਿਆਣਾ ਹਰਮੋਨੀ ਵੱਲੋਂ ਚਲਾਈ ਜਾ ਰਹੀ ਹੈ। ਉਹ ਆਪਣੇ ਆਪ ਇੱਕ ਮਿਸਾਲੀ ਕਾਰਜ ਹੈ। ਜਿਸ ਦੇ ਲਈ ਮੈਂ ਕਲੱਬ ਦੀਆਂ ਇਸਤਰੀ ਰੋਟਰੀਅਨ ਮੈਂਬਰਾਂ ਦਾ ਦਿਲੋਂ ਧੰਨਵਾਦ ਪ੍ਰਗਟ ਕਰਦਾ ਹਾਂ। ਇਸ ਮੌਕੇ ਰੋਟਰੀਅਨ ਅਨੀਲ ਸਿੰਗਲ ਡਿਸਟ੍ਰਿਕ ਗਵਰਨਰ 3070 ਨੇ ਸਮੂਹ ਰੋਟਰੀਅਨ ਮੈਂਬਰਾਂ ਨੂੰ ਜ਼ੋਰਦਾਰ ਸੱਦਾ ਦੇਂਦਿਆਂ ਹੋਇਆਂ ਕਿਹਾ ਕਿ ਰੋਟਰੀ ਕਲੱਬ ਨੂੰ ਉਹ ਹੋਰ ਮਜ਼ਬੂਤੀ ਪ੍ਰਦਾਨ ਕਰਨ ਲਈ ਵੱਧ ਤੋਂ ਵੱਧ ਇਸਤਰੀਆਂ ਤੇ ਨੌਜਵਾਨਾਂ ਨੂੰ ਕਲੱਬ ਨਾਲ ਜੋੜਨ ਦਾ ਉਪਰਾਲਾ ਕਰਨ ਤਾਂ ਕਿ ਮਨੁੱਖੀ ਸੇਵਾ ਕਾਰਜਾਂ ਦੀ ਮੁਹਿੰਮ ਨੂੰ ਹੋਰ ਪ੍ਰਚੰਡ ਕੀਤਾ ਜਾ ਸਕੇ। ਇਸ ਦੌਰਾਨ ਉਨ੍ਹਾਂ ਨੇ ਰੋਟਰੀ ਕਲੱਬ ਆਫ਼ ਲੁਧਿਆਣਾ ਹਰਮੋਨੀ ਦੀ ਨਵ ਨਿਯੁਕਤ ਪ੍ਰਧਾਨ ਰੋਟਰੀਅਨ ਡਾ: ਪ੍ਰਗਿਆ ਸ਼ਰਮਾ, ਸੈਕਟਰੀ ਮਨਇੰਦਰ ਕੌਰ, ਵਾਇਸ ਪ੍ਰਧਾਨ ਡਾ: ਤੇਜਪ੍ਰੀਤ ਕੰਗ, ਖ਼ਜ਼ਾਨਚੀ ਕਿਰਨ ਗੁਪਤਾ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਆਪਣੀ ਦਿਲੀ ਮੁਬਾਰਕਬਾਦ ਦਿੱਤੀ ਅਤੇ ਕਲੱਬ ਵੱਲੋਂ ਪਿਛਲੇ ਸਮੇਂ ਦੌਰਾਨ ਵਿੱਦਿਆ, ਇਸਤਰੀ ਸਿਹਤ, ਮੈਂਟਲ ਹੈਲਥ ਅਤੇ ਚੌਗਿਰਦੇ ਦੀ ਸੰਭਾਲ ਪ੍ਰਤੀ ਕੀਤੇ ਗਏ ਸਮੂਹ ਸੇਵਾ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਦੌਰਾਨ ਰੋਟਰੀ ਕਲੱਬ ਆਫ਼ ਲੁਧਿਆਣਾ ਹਰਮੋਨੀ ਦੇ ਨਵ ਨਿਯੁਕਤ ਸੈਕਟਰੀ ਰੋਟਰੀਅਨ ਮਨਇੰਦਰ ਕੌਰ ਨੇ ਰੋਟਰੀ ਕਲੱਬ ਲੁਧਿਆਣਾ ਹਰਮੋਨੀ ਵੱਲੋਂ ਪਿਛਲੇ ਅਰਸੇ ਦੌਰਾਨ ਕੀਤੇ ਗਏ ਸਮੂਹ ਸਮਾਜ ਸੇਵੀ ਕਾਰਜਾਂ ਦੀ ਰਿਪੋਰਟ ਅਤੇ ਨਵੇਂ ਸਾਲ ਅੰਦਰ ਆਰੰਭ ਕੀਤੇ ਜਾ ਰਹੇ ਪ੍ਰੋਜੈਕਟਾਂ ਦਾ ਸਮੁੱਚਾ ਬਿਊਰਾ ਰੋਟਰੀਅਨ ਅਨੀਲ ਸਿੰਗਲ ਡਿਸਟ੍ਰਿਕ ਗਵਰਨਰ 3070 ਅਤੇ ਰੋਟਰੀ ਕਲੱਬ ਹਰਮੋਨੀ ਦੇ ਮੈਂਬਰਾਂ ਸਾਹਮਣੇ ਪੇਸ਼ ਕੀਤਾ। ਇਕੱਤਰਤਾ ਦੌਰਾਨ ਰੋਟਰੀਅਨ ਰੋਟਰੀਅਨ ਅਨੀਲ ਸਿੰਗਲ ਡਿਸਟ੍ਰਿਕ ਗਵਰਨਰ 3070 ਨੇ ਰੋਟਰੀ ਕਲੱਬ ਆਫ਼ ਲੁਧਿਆਣਾ ਹਰਮੋਨੀ ਦੇ ਨਵ ਨਿਯੁਕਤ ਪ੍ਰਧਾਨ ਰੋਟਰੀਅਨ ਰੋਟਰੀਅਨ ਡਾ: ਪ੍ਰਗਿਆ ਸ਼ਰਮਾ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸ਼੍ਰੀਮਤੀ ਸੋਨੀਆ ਸਿੰਗਲ, ਰੋਟਰੀਅਨ ਨਰੇਸ਼ ਆਨੰਦ (ਡਿਸਟ੍ਰਿਕਟ ਸੈਕਟਰੀ )ਕਲੱਬ ਦੀ ਸਾਬਕਾ ਪ੍ਰਧਾਨ ਰੋਟਰੀਅਨ ਮੈਡਮ ਡਾ: ਪਰਮ ਸੈਨੀ, ਰੋਟਰੀਅਨ ਆਤਮਜੀਤ ਸਿੰਘ, ਰੋਟਰੀਅਨ ਮਨਮੋਹਨ ਸਿੰਘ ਕਲਾਨੌਰੀ, ਰੋਟਰੀਅਨ ਸੁਰਿੰਦਰ ਸਿੰਘ ਕਟਾਰੀਆ, ਰੋਟਰੀਅਨ ਰਜਤਦੀਪ ਬਾਹਰੀ ( ਸਹਾਇਕ ਗਵਰਨਰ) ਰੋਟਰੀਅਨ ਰਣਜੀਤ ਸਿੰਘ ਨੈਸ਼ਨਲ ਐਵਾਰਡੀ, ਰੋਟਰੀਅਨ ਅਜੈਬ ਸਿੰਘ, ਰੋਟਰੀਅਨ ਦਲਜੀਤ ਸਿੰਘ, ਰੋਟਰੀਅਨ ਮਲਕੀਅਤ ਸਿੰਘ ਔਲਖ, ਨਮੀਤਾ ਰਾਜ ਸਿੰਘ, ਡਾ: ਅੰਜਲੀ ਸ਼ਾਹ, ਡਾ: ਗੁਰਮੀਤ ਰਤਨ, ਆਸ਼ੂ ਕਪੂਰ, ਤਸਕੀਨ ਅਖ਼ਤਰ, ਮਨਜ਼ਰੀ ਸ਼ਰਮਾ, ਦਿਲਰੂਪ ਕੌਰ ਸਮੇਤ ਰੋਟਰੀ ਕਲੱਬ ਆਫ਼ ਲੁਧਿਆਣਾ ਹਰਮੋਨੀ ਦੇ ਪ੍ਰਮੁੱਖ ਮੈਂਬਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

for more news visit:
www.samajweekly.com

# ਬਹੁਜਨ ਸਮਾਜ ਪਾਰਟੀ ਵੱਲੋਂ ਕੱਲ੍ਹ ਲੁਧਿਆਣਾ ਵਿੱਚ ਬਾਬਾ ਸਾਹਿਬ ਦੇ ਸਨਮਾਨ ਵਿੱਚ ਰੋਸ ਮਾਰਚ ਕੀਤਾ ਜਾਵੇਗਾ -ਬਲਵਿੰਦਰ ਜੱਸੀ

## ਆਪ ਸਰਕਾਰ ਅਤੇ ਭਾਜਪਾ ਸਰਕਾਰ ਪੰਜਵੇਂ ਦਿਨ ਵੀ ਗੂੜ੍ਹੀ ਨੀਂਦ ਸੁੱਤੇ ਪਏ ਹਨ --ਸੋਨੂ ਅੰਬੇਦਕਰ

**ਲੁਧਿਆਣਾ 18 ਜੁਲਾਈ (ਚਰਨਜੀਤ ਸੱਲ੍ਹਾ )** ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਸਨਮਾਨ ਵਿੱਚ ਬਸਪਾ ਲੁਧਿਆਣਾ ਵੱਲੋਂ ਇੱਕ ਰੋਸ ਮਾਰਚ ਕੱਢਿਆ ਜਾਵੇਗਾ ਜਿਸ ਵਿੱਚ ਲੋਕਾਂ ਨੂੰ ਸਰਕਾਰ ਦੀਆਂ ਮਾੜੀਆਂ ਨੀਤੀਆਂ ਤੋਂ ਜਾਣੂ ਕਰਵਾਇਆ ਜਾਵੇਗਾ। ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਵਿਚਾਰਧਾਰਾ ਨੂੰ ਲੈਕੇ ਆਪ ਸਰਕਾਰ ਦਾ ਪਿੱਟ ਸਿਆਪਾ ਕੀਤਾ ਜਾਵੇਗਾ ਇਹ ਸ਼ਬਦ ਅੱਜ ਪੰਜਵੇਂ ਦਿਨ ਧਰਨੇ ਨੂੰ ਸੰਬੋਧਨ ਕਰਦਿਆਂ ਬਲਵਿੰਦਰ ਜੱਸੀ ਪ੍ਰਧਾਨ ਬਸਪਾ ਜ਼ਿਲ੍ਹਾ ਲੁਧਿਆਣਾ ਨੇ ਕੀਤੇ ।ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਬੁੱਤਾਂ ਦਾ ਨਿਰਾਦਰ ਦੱਸਵੀਂ ਹੋ ਗਿਆ ਹੈ ਪਰ ਆਮ ਸਰਕਾਰ ਅਤੇ ਭਾਜਪਾ ਸਰਕਾਰ ਪਤਾ ਨਹੀਂ ਕਿਉਂ ਸੁੱਤੀਆਂ ਪਈਆਂ ਹਨ।ਹੁਣ ਦੱਸਵੀਂ ਵਾਰ ਲੁਧਿਆਣਾ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਦਾ ਨਿਰਾਦਰ, ਬੁੱਤ ਨੂੰ ਨੁਕਸਾਨ ਪਹੁੰਚਾਣ ਦੇ ਮਤੇ ਨਾਲ਼ ਉਸ ਬੁੱਤ ਤੇ ਲੱਗੇ ਸ਼ੀਸ਼ੇ ਨੂੰ ਤੋੜਕੇ ਇਸ ਗੱਲ ਦਾ ਸੰਦੇਸ਼ ਦਿੰਦਾ ਹੈ ਕਿ ਉਹਨਾਂ ਦਾ ਇਰਾਦਾ ਬਾਬਾ ਸਾਹਿਬ ਦੇ ਬੁੱਤ ਨੂੰ ਨੁਕਸਾਨ ਪੁੱਜੇ। ਪ੍ਰਸ਼ਾਸਨ ਪਤਾ ਨਹੀਂ ਕਿਹੜੀ ਗੱਲੋਂ ਸੁੱਤਾਂ ਪਿਆ ਹੈ। ਜਦੋਂ ਕਿ ਬਾਬਾ ਸਾਹਿਬ ਜੀ ਦੇ ਸ਼ੇਰ ਬਸਪਾ ਵਾਲੇ ਇਨ੍ਹਾਂ ਸਰਕਾਰਾਂ ਨੂੰ ਜਗਾਉਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ। ਇਹ ਸ਼ਬਦ ਸੋਨੂੰ ਅੰਬੇਦਕਰ ਜੀ ਨੇ ਕਹੇ ਹਨ ਉਨ੍ਹਾਂ ਆਪਣੇ ਸਮਾਜ ਦੇ ਲੋਕਾਂ ਨੂੰ ਕਿਹਾ ਜਿਨ੍ਹਾਂ ਮਹਾਂਪੁਰਸ਼ਾਂ ਸਾਨੂੰ ਜੀਵਨ ਵਿੱਚ ਹਰ ਤਰ੍ਹਾਂ ਦੀ ਆਜ਼ਾਦੀ ਲੈਕੇ ਦਿੱਤੀ ਹੈ ਅਸੀਂ ਉਨ੍ਹਾਂ ਖਾਤਰ ਇੰਨ੍ਹਾਂ ਵੀ ਨਹੀਂ ਕਰ ਸਕਦੇ ਤਾਂ ਸਾਡੇ ਜਿਉਣ ਦਾ ਕੋਈ ਮਕਸਦ ਨਹੀਂ



ਅੱਜ ਮੈਨੂੰ ਲਗਭਗ 27 ਸਾਲ ਹੋ ਗਏ ਹਨ ਇਸ ਤਰ੍ਹਾਂ ਹੋਰ ਪਤਾਂ ਨਹੀ ਕਿਨ੍ਹੇ ਕੋ ਬੰਦੇ ਹੋਣੇ ਹਨ ਸਾਡੇ ਸਮਾਜ ਨੂੰ ਇਸ ਤਰ੍ਹਾਂ ਦੇ ਮੌਕੇ ਤੇ ਨਾਲ ਖੜਨਾ ਚਾਹੀਦਾ ਹੈ।ਕਿਉਂਕਿ ਬਸਪਾ ਪੰਜਾਬ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਜੀ ਹਾਲੇ ਕਨੇਡਾ ਗਏ ਹੋਏ ਹਨ ਪਰ ਬਸਪਾ ਲੁਧਿਆਣਾ ਦੀ ਟੀਮ ਅਤੇ ਫਿਲੌਰ ਦੀ ਟੀਮ ਦਾ ਖ਼ਾਸ ਕਰਕੇ ਧੰਨਵਾਦ ਹੈ ਜਿਨ੍ਹਾਂ ਨੇ ਅੱਜ ਤੱਕ ਧਰਨੇ ਵਿੱਚ ਲਗਾਤਾਰ ਪੰਜਵੇਂ ਦਿਨ ਵੀ ਸ਼ਮੂਲੀਅਤ ਕੀਤੀ। ਅੱਜ ਜਿਸ ਵਿੱਚ ਚੌਧਰੀ ਗੁਰਨਾਮ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।ਜਿਸ ਵਿੱਚ ਖੁਸ਼ੀ ਰਾਮ ਸਰਪੰਚ, ਸੁਖਵਿੰਦਰ ਬਿੱਟੂ, ਬਲਵਿੰਦਰ ਜੱਸੀ, ਸੋਨੂੰ ਅੰਬੇਦਕਰ, ਮਿਸ਼ਨਰੀ ਗਾਇਕ ਵਿੱਕੀ ਬਹਾਦਰ ਕੇ, ਨਰੇਸ਼ ਕੁਮਾਰ ਬਸਪਾ ਆਗੂ,ਮਹਿੰਦਰ ਸਿੰਘ ਤੇਹਿੰਗ, ਅਨੀਤਾ ਪਾਲ, ਚੇਅਰਮੈਨ ਸੰਦੀਪ ਕੌਰ, ਕੁਲਦੀਪ ਬਹਿਰਾਮ, ਦਰਸ਼ਨ ਬਹਿਰਾਮ ਅਤੇ ਹੋਰ ਮਿਸ਼ਨ ਨੂੰ ਪਿਆਰ ਕਰਨ ਵਾਲੇ ਵਰਕਰ ਹਾਜ਼ਰ ਸਨ ਜਿਹੜੇ ਕਿ ਦਿਨ ਰਾਤ ਇਥੇ ਹੀ ਰਹਿੰਦੇ ਹਨ।




# ਮਿਸ਼ਨਰੀ ਗੀਤਕਾਰ ਅਸ਼ੋਕ ਸੂੰਢ ਦਾ ਸਨਮਾਨ ਕੀਤਾ ਗਿਆ ਬੰਗਾ( ਚਰਨਜੀਤ ਸੱਲ੍ਹਾ )ਸਨਮਾਨ ਸਮਾਰੋਹ







**ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ(ਪੰਜਾਬ)ਵੱਲੋਂ** ਲੰਮੇ ਸਮੇਂ ਤੋਂ ਰਹਿਬਰਾਂ ਦੇ ਮਿਸ਼ਨ ਤੇ ਸੈਂਕੜੇ ਕ੍ਰਾਂਤੀਕਾਰੀ ਗੀਤ ਲਿਖਣ ਵਾਲੇ ਪ੍ਰਸਿੱਧ ਮਿਸ਼ਨਰੀ ਗੀਤਕਾਰ ਅਸ਼ੋਕ ਸੂੰਢ ਜੀ ਦਾ "ਕਲਮ ਦੇ ਧਨੀ "ਪੁਰਸਕਾਰ ਦਿੱਤੇ ਜਾਣ ਤੇ ਨਾਲ ਡਿੰਪੀ ਰੈਸਟੋਰੈਂਟ ਬੰਗਾ ਵਿਖੇ ਭੰਰਵਾਂ ਸਵਾਗਤ ਕੀਤਾ ਇਸ ਮੌਕੇ ਸੰਸਥਾ ਦੇ ਮੈਂਬਰਾਂ ਤੋਂ ਇਲਾਵਾ ਇਲਾਕੇ ਦੀਆਂ ਨਾਮਵਰ ਸ਼ਖਸੀਅਤਾਂ ਹਾਜ਼ਰ ਸਨ । ਮਿਸ਼ਨਰੀ ਗੀਤਕਾਰ ਅਸ਼ੋਕ ਸੂੰਢ ਨੇ ਵੀ ਉਸ ਸੰਸਥਾ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਦਾ ਲੋਈ, ਨੋਟਾਂ ਦੇ ਹਾਰ ਪਾਕੇ ਅਤੇ ਉਨ੍ਹਾਂ ਨੂੰ ਇੱਕ ਮੁਮੈਂਟੋ ਜਿਸ ਤੇ ਲਿਖਿਆ ਸੀ ਕਿ ਕਲਮ ਦੇ ਧਨੀ ਅਸ਼ੋਕ ਸੂੰਢ ਜੀ ਨੂੰ ਦੇ ਕੇ ਸਨਮਾਨ ਕੀਤਾ। ਸਮਾਜਿਕ ਪਰਿਵਰਤਨ ਅਤੇ ਰਾਜਨੀਤਕ ਅੰਦੋਲਨ ਨੂੰ ਉਨ੍ਹਾਂ ਦੇ ਗੀਤਾਂ ਵਿੱਚੋਂ ਅੱਗੇ ਵਧਣ ਦੀ ਚੇਸਿਟਾ ਮਿਲਦੀ ਹੈ। ਮਿਸ਼ਨਰੀ ਗਾਇਕ ਰਾਜ ਦਦਰਾਲ ਨੇ ਸੁਰ ਸੰਗੀਤ ਸੰਸਥਾ ਦੁਆਬਾ ਬੰਗਾ ਵਲੋਂ ਜਿਹੜੇ ਜਿਹੜੇ ਸਮਾਗਮ ਕੀਤੇ ਜਾਂਦੇ ਹਨ ਉਨ੍ਹਾਂ ਵਾਰੇ ਜਾਣਕਾਰੀ ਦਿੱਤੀ। ਕੁਝ ਕੋ ਕਲਾਕਾਰਾਂ ਨੇ ਆਪਣੀ ਕਲਾਂ ਦਾ ਵਧੀਆ ਪ੍ਰਦਰਸ਼ਨ ਕੀਤਾ ਜਿਨ੍ਹਾਂ ਵਿੱਚ ਦਵਿੰਦਰ ਰੂਹੀ,ਲੱਕੀ ਹਿਆਲਾ ਅਤੇ ਜੋਤੀ ਸਭਰਵਾਲ ਨੇ ਹਾਜ਼ਰੀ ਲਗਵਾਈ। ਇਸ ਸਮਾਗਮ ਵਿੱਚ ਸਾਈਂ ਪੱਪਲ ਸ਼ਾਹ ਜੀ ਨੇ ਵਿਸ਼ੇਸ਼ ਤੌਰ ਹਾਜ਼ਰੀ ਭਰੀ ਇਸ ਮੌਕੇ ਤੇ ਮਨੋਹਰ ਕਮਾਮ ਸੀਨੀਅਰ ਬਸਪਾ ਆਗੂ, ਅਸ਼ੋਕ ਕੁਮਾਰ ਖੋਥੜਾ, ਰਾਜ ਹੀਉਂ, ਲੱਖਾਂ ਭਰੋਮਾਜਰਾ, ਹਰਦੀਪ ਸਿੰਘ ਦੀਪਾ, ਕ੍ਰਿਸ਼ਨ ਹੀਉਂ, ਸੱਤਪਾਲ ਖਾਨਪੁਰੀ,ਲੱਕੀ ਮਹਿਰਾ,ਸੋਨੀ ਸਰੋਆਂ,ਰਾਮ ਲਾਲ, ਚਰੰਜੀ ਲਾਲ, ਜਸਵਿੰਦਰ ਬੈਂਸ, ਚਰਨਜੀਤ ਸੱਲ੍ਹਾ ਅਤੇ ਕਈ ਪੰਤਵੰਤੇ ਵੀ ਹਾਜ਼ਰ ਸਨ।

# ਆਟੋ ਵਰਕਰ ਯੂਨੀਅਨ ਵੱਲੋਂ ਮੀਟਿੰਗ ਵਿੱਚ ਅਹਿਮ ਵਿਚਾਰਾਂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇੱਥੇ ਨਿਊ ਆਟੋ ਵਰਕਰ ਯੂਨੀਅਨ ਜਿਲਾ ਸ਼ਹੀਦ ਭਗਤ ਸਿੰਘ ਨਗਰ ਨੇ ਮਹੀਨਾਵਾਰ ਮੀਟਿੰਗ ਕਰਕੇ ਜਿਲਾ ਪ੍ਰਸ਼ਾਸਨ ਕੋਲੋਂ ਨਵਾਂਸ਼ਹਿਰ ਵਿੱਚ ਆਟੋ ਸਟੈਂਡ ਲਈ ਢੁੱਕਵੀਂ ਥਾਂ ਦੇਣ ਦੀ ਮੰਗ ਕੀਤੀ ਹੈ। ਇਸ ਮੀਟਿੰਗ ਨੂੰ ਇਫਟੂ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਨਿਊ ਆਟੋ ਯੂਨੀਅਨ ਦੇ ਜਿਲ੍ਹਾ ਸਕੱਤਰ ਤਰਨਜੀਤ, ਗੁਰਪ੍ਰੀਤ ਗੋਪੀ, ਜਤਿੰਦਰ ਨਿੱਕੂ, ਦੇਸ ਰਾਜ ਬਰਨਾਲਾ ਅਤੇ ਮੁਖਤਿਆਰ ਸਿੰਘ ਨੇ ਕਿਹਾ ਕਿ ਆਟੋ ਸਟੈਂਡ ਲਈ ਥਾਂ ਦੇਣ ਦੇ ਪ੍ਰਸ਼ਾਸਨ ਕਈ ਵਾਰ ਵਾਅਦੇ ਕਰ ਚੁੱਕਾ ਹੈ, ਪਰ ਅਸਲੀਅਤ ਵਿੱਚ ਕੁੱਝ ਨਹੀਂ



ਕਰ ਰਿਹਾ। ਉਹਨਾਂ ਕੇਂਦਰ ਸਰਕਾਰ ਕੋਲੋਂ ਪੈਟਰੋਲ ਅਤੇ ਡੀਜ਼ਲ ਦੀਆਂ ਵਧੀਆਂ ਕੀਮਤਾਂ ਵਾਪਸ ਲਾਉਣ ਦੀ ਮੰਗ ਵੀ ਕੀਤੀ। ਇਸ ਮੀਟਿੰਗ ਵਿੱਚ ਮਤੇ ਪਾਸ ਕਰਕੇ ਸੰਗਰੂਰ ਵਿਖੇ ਹੜਤਾਲੀ ਸਫ਼ਾਈ ਕਰਮਚਾਰੀਆਂ ਨੂੰ ਗ੍ਰਿਫਤਾਰ ਕਰਨ ਅਤੇ ਖੰਨਾ ਵਿਖੇ ਮਗਨਰੇਗਾ ਕਾਮਿਆਂ ਉੱਤੇ ਪੁਲਸ ਲਾਠੀਚਾਰਜ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ। ਮੀਟਿੰਗ ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਹੜਤਾਲੀ ਸਫ਼ਾਈ ਕਰਮਚਾਰੀਆਂ ਉੱਤੇ ਐਸਮਾਂ ਲਾਉਣ ਬਾਰੇ ਵਿਚਾਰ ਕਰਨ ਲਈ ਆਖਣ ਉੱਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਹੜਤਾਲੀ ਸਫ਼ਾਈ ਕਰਮਚਾਰੀਆਂ ਉੱਤੇ ਐਸਮਾ ਲਾਉਣਾ ਸਮੁੱਚੀ ਟ੍ਰੇਡ ਯੂਨੀਅਨ ਲਹਿਰ ਉੱਤੇ ਹਮਲਾ ਹੋਵੇਗਾ।

# ਆਤਮ ਨਿਰਭਰ ਪੰਜਾਬ ਬਣਾਉਣ ਲਈ ਪ੍ਰਵਾਸੀ ਪੰਜਾਬੀ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਨੂੰ ਸਹਿਯੋਗ ਕਰਨ –ਡਾ. ਕਰੀਮਪੁਰੀ

## ਕੈਨੇਡਾ ਵਿੱਚ 'ਡਾ. ਅੰਬੇਡਕਰ ਤੇ ਕਾਂਸ਼ੀ ਰਾਮ ਦਾ ਜਨਮ ਦਿਨ ਮਨਾਇਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਰਤਨ, ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਅਤੇ ਬਸਪਾ ਸੰਸਥਾਪਕ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਸਬੰਧੀ ਵਿਸ਼ੇਸ਼ ਪ੍ਰੋਗਰਾਮ ਕੈਨੇਡਾ ਦੇ ਸ਼ਹਿਰ ਸਰੀ, ਬ੍ਰਿਟੀਸ਼ ਕੋਲੰਬੀਆਂ ਵਿਖੇ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਪਾਰਲੀਮੈਂਟ ਸ਼ਾਮਿਲ ਹੋਏ। ਜਿਨਾਂ ਨੇ ਪੰਜਾਬ ਸੰਭਾਲੋ ਮੁਹਿੰਮ ਬਾਰੇ ਸਰੋਤਿਆਂ ਨੂੰ ਜਾਣਕਾਰੀ ਦਿੱਤੀ। ਉਹਨਾਂ ਮੌਜੂਦਾ ਸਰਕਾਰਾਂ ਦੁਆਰਾ ਲੋਕਾਂ ਦੀ ਲੁੱਟ ਖਸੁੱਟ ਅਤੇ ਅਤਿਆਚਾਰਾਂ ਤੋਂ ਜਾਗਰੂਕ ਕੀਤਾ। ਵਰਲਡ ਵਾਈਡ ਬੀਐਸਪੀ ਸਪੋਰਟਰ ਟੀਮ ਬ੍ਰਿਟੀਸ਼ ਕੋਲੰਬੀਆਂ ਵਲੋਂ ਕਰਵਾਏ ਵਿਸ਼ੇਸ਼ ਸਮਾਗਮ ਵਿੱਚ ਬੋਲਦਿਆਂ ਡਾ. ਕਰੀਮਪੁਰੀ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਕਾਂਸ਼ੀ ਰਾਮ ਜੀ ਦੇ ਜੀਵਨ ਸੰਘਰਸ਼ ਅਤੇ ਦੱਬੇ ਲਿਤਾੜੇ ਹੋਏ ਸਮਾਜ ਦੇ ਲੋਕਾਂ ਲਈ ਕੀਤੇ ਮਹਾਨ ਕੰਮਾਂ ਅਤੇ ਪੰਜਾਬ ਸੰਭਾਲੋ ਮੁਹਿੰਮ ਜੋ ਕਿ ਪਿਛਲੇ ਇੱਕ ਸਾਲ ਤੋਂ ਪੰਜਾਬ ਵਿੱਚ ਚੱਲ ਰਹੀ ਹੈ ਦੇ ਸੰਕਲਪ ਬਾਰੇ ਜਾਣਕਾਰੀ ਦਿੱਤੀ ਅਤੇ ਉਹਨਾਂ ਦੁਆਰਾ ਆਮ ਜਨਤਾ ਦੇ ਉਠਾਏ ਗਏ ਮੁੱਦਿਆਂ ਬਾਰੇ ਦੱਸਿਆ। ਕਰੀਮਪੁਰੀ ਨੇ ਸਮੁੱਚੇ ਪੰਜਾਬੀ ਪ੍ਰਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਸੰਭਾਲੋ ਮੁਹਿੰਮ ਨਾਲ ਜੁੜਨ ਦਾ ਸੱਦਾ ਦਿੱਤਾ ਅਤੇ ਬਹੁਜਨ ਸਮਾਜ ਪਾਰਟੀ ਨੂੰ ਪੰਜਾਬ ਦੀ ਸੱਤਾ ਸੰਭਾਲ ਕੇ ਪੰਜਾਬ ਨੂੰ ਨਸ਼ਾ ਮੁਕਤ, ਬੇਰੁਜ਼ਗਾਰਾਂ ਨੂੰ ਰੁਜ਼ਗਾਰ, ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਵਿੱਚ 100% ਸਟਾਫ ਭਰਤੀ ਅਤੇ ਪੰਜਾਬ ਨੂੰ ਲੈਂਡ ਮਾਫੀਆ ਡਰੱਗ ਮਾਫੀਆ ਮੁਕਤ ਅਤੇ ਕਰਜ਼ਾ ਮੁਕਤ ਬਣਾਉਣ ਦਾ ਭਰੋਸਾ ਦਿੱਤਾ। ਪ੍ਰੋਗਰਾਮ ਵਿੱਚ ਹੋਰ ਸ਼ਖਸ਼ੀਅਤਾਂ ਜਿਨਾਂ ਵਿੱਚ ਕਨੇਡਾ ਸਰੀ ਸ਼ਹਿਰ ਦੇ ਐਮਪੀ ਗੁਰਬਖਸ਼ ਸਿੰਘ ਸੈਣੀ, ਐਡਵੋਕੇਟ ਹਰਗੋਪਾਲ ਸਿੰਘ ਸਾਬਕਾ ਵਿਧਾਇਕ ਬਲਾਚੌਰ, ਹਰਬਲਾਸ ਸਿੰਘ ਇੰਗਲੈਂਡ, ਹਰਬਲਾਸ ਸਿੰਘ ਝਿੰਗੜ ਯੂਐਸਏ, ਸ਼੍ਰੀ ਰਾਮ ਆਸਰਾ ਸੇਵਾ ਮੁਕਤ ਐਜੂਕੇਸ਼ਨ ਅਫਸਰ, ਸ਼੍ਰੀਮਤੀ ਹਰਜਿੰਦਰ ਕੌਰ ਕਰੀਮਪੁਰੀ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਮਿਸ਼ਨਰੀ ਕਲਾਕਾਰਾਂ ਪੰਮਾ ਸੁੰਨੜ, ਆਰ ਕੇ ਧੀਰ ਅਤੇ ਲੱਖਾ ਨੇ ਪੰਜਾਬ ਸੰਭਾਲੋ ਮੁਹਿੰਮ ਬਾਰੇ ਜਾਗਰਿਤ ਕੀਤਾ। ਵਰਲਡ ਵਾਈਜ ਬੀਐਸਪੀ ਸਪੋਰਟਰ ਟੀਮ ਕਨੇਡਾ ਜਿਸ ਵਿੱਚ ਇੰਜੀਨੀਅਰ ਸੁਰਿੰਦਰ ਸੰਧੂ, ਰੂਪ ਲਾਲ ਗੱਡੂ ਹਰਭਜਨ ਬਿਰਦੀ, ਗੁਰਮੀਤ ਬੈਂਸ, ਹਰਮੇਸ਼ ਬਸਰਾ, ਦਿਲਵਾਗ ਰਾਏ, ਰਮੇਸ਼ ਚੰਦਰ, ਇੰਜਨੀਅਰ ਜਗਦੀਸ਼ ਕੁਮਾਰ, ਧਰਮਪਾਲ, ਸੋਨੂੰ ਨਾਜ ਨੇ ਸਮਾਗਮਾਂ ਦੀ ਕਾਮਯਾਬੀ ਲਈ ਦਿਨ ਰਾਤ ਇੱਕ ਕੀਤਾ। ਸਟੇਜ ਸਕੱਤਰ ਦੀ ਜਿੰਮੇਬਾਰੀ ਇੰਜੀ. ਸੁਰਿੰਦਰ ਸੰਧੂ ਨੇ ਬਾਖੂਬੀ ਨਿਭਾਈ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਦੋਪਹੀਆ ਵਾਹਨਾਂ ਦੇ ਸਾਇਲੰਸਰ ਬਦਲਣ ਅਤੇ ਪਟਾਖੇ ਵਜਾਉਣ ਤੇ ਵੀ ਰਹੇਗੀ ਪੂਰਨ ਰੋਕ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟ੍ਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਅਤੇ ਆਮ ਨਾਗਰਿਕਾਂ ਦੀ ਸਿਹਤ ਦੀ ਸੁਰੱਖਿਆ ਦੇ ਲਈ ਦੋਪਹੀਆ ਵਾਹਨਾਂ ਦੇ ਸਾਇਲੰਸਰ ਬਦਲਣ ਅਤੇ ਸਾਇਲੰਸਰ ਨਾਲ ਪਟਾਖੇ ਵਜਾਉਣ ਤੇ ਪੂਰਨ ਤੌਰ ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ ਸਾਇਲੰਸਰ ਬਦਲਣ ਵਾਲੇ ਦੁਕਾਨਦਾਰਾਂ/ਮਕੈਨਿਕਾਂ ਅਤੇ ਪਟਾਖੇ ਵਜਾਉਣ ਵਾਲੇ ਵਾਹਨ ਮਾਲਕਾਂ ਤੇ ਵੀ ਲਾਗੂ ਹੋਣਗੇ। ਇਹ ਹੁਕਮ ਹੁਕਮ 16 ਸਤੰਬਰ 2026ਤੱਕ ਲਾਗੂ ਰਹਿਣਗੇ


# ਅੱਜ ਸ਼ਰਧਾਂਜਲੀ ਸਮਾਗਮ ਤੇ ਵਿਸ਼ੇਸ਼ – ਅਜਾਇਬ ਸਿੰਘ ਚੱਕ ਸਿੰਘਾ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਕਮਿਊਨਿਸਟ ਇਨਕਲਾਬੀ ਲਹਿਰ ਦੇ ਕਾਫਲੇ 'ਚੋਂ ਵਿਛੜੇ ਪੇਸ਼ਾਵਰ ਇਨਕਲਾਬੀ, ਅਜਾਇਬ ਸਿੰਘ ਚੱਕ ਸਿੰਘਾ ਦਾ ਜਨਮ 1950 ਵਿਚ ਬਲਦਾਂ ਦੇ ਸ਼ੁਕੀਨ ਕਿਸਾਨ ਸ ਮਲੂਕ ਸਿੰਘ ਦੇ ਘਰ ਮਾਤਾ ਭਾਗ ਕੌਰ ਦੀ ਕੁੱਖੋਂ ਹੋਇਆ। ਉਹਨਾਂ ਨੂੰ ਆਪਣੀ ਸਭ ਤੋਂ ਵੱਡੀ ਭੈਣ ਦੇ ਚਾਰ ਭਰਾਵਾਂ ਵਿਚੋਂ ਗਭਲਾ ਹੋਣ ਦਾ ਮਾਣ ਹਾਸਲ ਸੀ।ਉਹ ਕਿਰਤੀ ਲੋਕਾਂ ਦੀ ਜ਼ਿੰਦਗੀ ਵਿਚ ਖੁਸ਼ਹਾਲੀ ਲਿਆਉਣ ਵਾਲਾ ਨਵਾਂ ਸਮਾਜ/ ਰਾਜ ਉਸਾਰਨ ਲਈ ਵੀਹਵੀਂ ਸਦੀ ਦੇ ਸੱਠਵੇਂ ਦਹਾਕੇ ਦੇ ਆਖਰੀ ਸਾਲਾਂ ਚ ਜਦੋਂ ਉਹ ਹਾਲੇ ਪ੍ਰੈਪ ਦਾ ਵਿਦਿਆਰਥੀ ਸੀ, "ਔਖੇ ਪਾਲਣੇ ਬੋਲ--" ਕਹਾਵਤ ਨੂੰ ਸੱਚ ਕਰ ਦਿਖਾਉਂਦਿਆਂ ਕਿ ਕਮਿਊਨਿਸਟ ਇਨਕਲਾਬੀ ਕਿਸ ਮਿੱਟੀ ਦੇ ਬਣੇ ਹੁੰਦੇ ਹਨ। ਉਹ 56/57 ਵਰ੍ਹੇ ਪਹਿਲਾਂ ਕੁੱਲਵਕਤੀ ਕਾਰਕੁੰਨ ਵਜੋਂ ਗੁਪਤਵਾਸ ਹੋਕੇ ਕੰਮ ਕਰਨ ਲੱਗ ਪਿਆ ਸੀ। ਕੁੱਲੇਵਾਲੀਏ ਬਾਈ ਕਰਤਾਰ ਦੀ ਸੰਗਤ ਵਿਚ ਗਦਰੀ ਬਾਬਾ ਬੂਝਾ ਸਿੰਘ ਅਤੇ ਨੂਰਮਹਿਲ ਵਾਲੇ ਕਾਮਰੇਡ ਗੰਧਰਵਸੈਨ ਕੋਛੜ ਅਤੇ ਸੁਰਿੰਦਰ ਕੁਮਾਰੀ ਕੋਛੜ ਵਲੋਂ ਨਕਸਲੀ ਲਹਿਰ ਦੀ ਗੁੜ੍ਹਤੀ ਪ੍ਰਾਪਤ ਕਰਕੇ ਬਹੁਤ ਹੀ ਰਿਜ਼ਰਵ ਸੁਭਾਅ ਦਾ ਮਾਲਿਕ ਅਜਾਇਬ ਸਿੰਘ ਸੱਤਰਵਿਆਂ ਵਿਚ ਪਹਿਲਾਂ ਕੰਢੀ ਦੇ ਪਹਾੜੀ ਖੇਤਰ ਨੂੰ ਲੋਕ ਯੁੱਧ ਲਈ ਪ੍ਰਭਾਵਿਤ ਖੇਤਰ ਵਜੋਂ ਵਿਕਸਿਤ ਕਰਨ ਵਿਚ ਆਪਣੇ ਦੂਸਰੇ ਸਾਥੀਆਂ ਨਾਲ ਜੁੜ ਗਿਆ ਸੀ। ਉਸ ਦੌਰ ਅੰਦਰ ਲਹਿਰ ਵਿੱਚ ਵਿਅਕਤੀ ਗਤ ਮਾਅਰਕੇ ਬਾਜ਼ ਕਾਰਵਾਈਆਂ ਦਾ ਇਕ ਰੁਝਾਨ ਵੀ ਉਠ ਖੜ੍ਹਿਆ ਤੇ ਲੋਕਾਂ ਨੂੰ ਸੰਘਰਸ਼ਾਂ ਦੇ ਲਮਕਵੇਂ ਅਮਲ ਵਿਚੋਂ ਲੰਘਾ ਕੇ ਤਿਆਰ ਕਰਨ ਦੇ ਰਾਹ ਤੋਂ ਇਨਕਲਾਬੀਆਂ ਦੇ ਇਕ ਹਿੱਸੇ ਦੀ ਟੇਕ ਹਿੱਲ ਕੇ ਦਸਤਵਾਦੀ ਕਾਰਵਾਈਆਂ ਵਲ ਚਲੀ ਗਈ ।ਜਨਤਕ ਜਥੇਬੰਦੀਆਂ ਦੇ ਸੰਘਰਸ਼ਾਂ ਦੇ ਅਮਲ ਨਿਹਚਾ ਕਮਜ਼ੋਰ ਪੈ ਗਈ ਸੀ। ਅਜਾਇਬ ਵੀ ਇਸ ਪ੍ਰਭਾਵ ਅਧੀਨ 1971 ਚ ਗ੍ਰਿਫਤਾਰ ਇਕ ਸਮੇਂ ਹੋਏ ਇਕ ਪੁਲਿਸ ਮੁਕਾਬਲੇ ਵਿਚ ਤਿੰਨ ਉਂਗਲੀਆਂ ਗਵਾ ਚੁੱਕਿਆ ਸੀ। ਸਾਲ ਭਰ ਜੇਲ੍ਹ ਕਟ ਕੇ ਜ਼ਮਾਨਤ ਤੇ ਆਉਣ ਉਪਰੰਤ ਲੋਕਾਂ ਦੇ ਲੱਖੀ ਜੰਗਲ ਵਿਚ ਅਜਿਹਾ ਰਮਿਆਂ ਕਿ ਮੁੜ ਸਰਕਾਰੀ ਸੂਹੀਆਂ ਦੀ ਪਕੜ ਤੋਂ ਤਾਂ ਉਮਰ ਭਰ ਅਭਿੱਜ ਰਿਹਾ। ਅਜਾਇਬ ਸਿੰਘ ਚੱਕ ਸਿੰਘਾ ਭਾਰਤ ਅੰਦਰ ਮਜ਼ਦੂਰਾਂ ਕਿਸਾਨਾਂ ਦੀ ਪੁਗਤ ਵਾਲਾ ਰਾਜ ਕਾਇਮ ਕਰਨ ਲਈ ਇਸ ਲੁਟੇਰੇ ਢਾਂਚੇ ਦੀ ਇਨਕਲਾਬੀ ਤਬਦੀਲੀ ਦੇ ਵਿਚਾਰ ਨੂੰ ਪ੍ਰਣਾਇਆ ਹੋਇਆ ਸੀ।ਉਸ ਦਾ ਵਿਸ਼ਵਾਸ ਸੀ ਕਿ ਕਿਸਾਨਾਂ, ਸਨਅਤੀ ਮਜ਼ਦੂਰਾਂ ਖੇਤ ਮਜ਼ਦੂਰਾਂ ਛੋਟੇ ਵਪਾਰੀਆਂ, ਕਾਰੋਬਾਰੀਆਂ ਮੁਲਾਜ਼ਮਾਂ ਤੇ ਕੌਮੀ ਸਰਮਾਏਦਾਰਾਂ ਦੇ ਸਾਂਝੇ ਮੋਰਚੇ ਚ ਜੁੜਨ ਵਾਲੀ ਤਾਕਤ ਲਮਕਵੇਂ ਸੰਘਰਸ਼ ਰਾਹੀਂ ਹੀ ਲੁਟੇਰੇ ਰਾਜ ਨੂੰ ਮੂਲੋਂ ਬਦਲ ਸਕਦੀ ਹੈ। ਲੋਕ ਪੁਗਤ ਵਾਲਾ ਖਰਾ ਲੋਕ ਜਮਹੂਰੀ ਰਾਜ ਉਸਾਰ ਸਕਦੀ ਹੈ। ਉਹਨਾਂ ਦਾ ਵਿਸ਼ਵਾਸ ਸੀ ਕਿ ਕਿ ਲੋਕਾਂ ਦੀ ਮੁਕਤੀ ਲਈ ਖਰੀ ਇਨਕਲਾਬੀ ਤਬਦੀਲੀ ਪਾਰਲੀਮੈਂਟ ਸੰਸਥਾਵਾਂ ਤੋਂ ਬਾਹਰ, ਲੋਕਾਂ ਦੇ ਲਮਕਵੇਂ ਜਮਾਤੀ ਸੰਘਰਸ਼ਾਂ ਚ ਉਸਰਨ ਵਾਲੀ ਤਾਕਤ ਰਾਹੀਂ ਹੀ ਹੋਣ ਤੇ ਉਹਦਾ ਦ੍ਰਿੜ ਭਰੋਸਾ ਆਖਰੀ ਸਾਹਾਂ ਤੱਕ ਕਾਇਮ ਰਿਹਾ।ਉਸ ਦਾ ਵਿਸ਼ਵਾਸ ਸੀ ਕਿ ਲੋਕਾਂ ਦੇ ਦੁੱਖਾਂ ਦਾ ਅੰਤ ਇਸ ਲੁਟੇਰੇ ਤੇ ਜਾਬਰ ਢਾਂਚੇ ਨੂੰ ਮੁੱਢੋਂ ਬਦਲਣ ਨਾਲ ਹੀ ਹੋਣਾ ਹੈ। ਜ਼ਿੰਦਗੀ ਭਰ ਗੁਪਤਵਾਸ ਰਹਿ ਕੇ ਹਮੇਸ਼ਾ ਲੋਕ ਹਿਤਾਂ ਨੂੰ ਪ੍ਰਣਾਇਆ ਇਹ ਯੋਧਾ ਪਿਛਲੇ ਦਿਨੀਂ ਮਾਲਵਾ ਖ਼ੇਤਰ ਵਿਚ ਕਿਸੀ ਅਣਦੱਸੀ ਥਾਂ ਤੇ ਵੀਰਗਤੀ ਨੂੰ ਪ੍ਰਾਪਤ ਹੋਇਆ।ਉਸ ਦੇ ਮਿਸਾਲੀ ਜੀਵਨ ਅਤੇ ਕਾਰਗੁਜ਼ਾਰੀ ਸਬੰਧੀ ਵਿਚਾਰਾਂ ਕਰਨ ਲਈ " ਸੂਹੀ ਸਲਾਮ ਇਕਤਰਤਾ " ਹਿੱਤ ਉਸ ਦੇ ਪਿਆਰੇ 19 ਜੁਲਾਈ 2026 ਨੂੰ ਸਵੇਰੇ 11ਵਜੇ,ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿਚ ਸਿਰ ਜੋੜ ਬੈਠਣਗੇ।

# ਆਓ ਵਾਤਾਵਰਣ ਬਚਾਈਏ

ਘਰ ਵਿੱਚ ਭਾਵੇਂ ਕੰਗਾਲੀ ਹੋਵੇ ।
ਪਰ ਆਸ ਪਾਸ ਹਰਿਆਲੀ ਹੋਵੇ ।
ਆਕਸੀਜਨ ਕਦੇ ਘੱਟ ਨਾ ਹੋਵੇ ;
ਤੇ ਹਰ ਚਿਹਰੇ 'ਤੇ ਲਾਲੀ ਹੋਵੇ ।






**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ**
**ਜ਼ਿਲ੍ਹਾ ਸੰਗਰੂਰ ।**
9914836037

## ਜਿਨਾਂ ਨੂੰ

ਜਿਨਾਂ ਨੂੰ ਗਲ ਨਾਲ ਲਾਇਆ ਸੀ
ਉਨਾਂ ਨੇ ਹੀ ਮੇਰਾ ਗਲਾ ਦਬਾਇਆ ਸੀ।
ਜਿਨਾਂ ਨੂੰ ਮੈਂ ਹਾਲ ਸੁਣਾਇਆ ਸੀ
ਉਹਨਾਂ ਨੇ ਹੀ ਬੇਹਾਲ ਕਰਾਇਆ ਸੀ।
ਜਿਨਾਂ ਨੂੰ ਜਖਮ ਦਿਖਾਇਆ ਸੀ
ਉਹਨਾਂ ਨੇ ਉਤੇ ਲੂਣ ਪਾਇਆ ਸੀ।
ਜਿਨਾਂ ਨੂੰ ਮੈਂ ਹਸਾਇਆ ਸੀ
ਉਹਨਾਂ ਨੇ ਹੀ ਮੈਨੂੰ ਰੁਲਾਇਆ ਸੀ।
ਜਿਨਾਂ ਲਈ ਮੈਂ ਪਾਪ ਕਮਾਇਆ ਸੀ
ਉਹਨਾਂ ਨੇ ਹੀ ਮੈਨੂੰ ਪਾਠ ਪੜਾਇਆ ਸੀ।
ਜਿਨਾਂ ਨੂੰ ਮੈਂ ਤਰਨਾ ਸਿਖਾਇਆ ਸੀ
ਉਹਨਾਂ ਨੇ ਹੀ ਮੈਨੂੰ ਡੁਬਾਇਆ ਸੀ।
ਜਿਨਾਂ ਨੂੰ ਅਸੀਂ ਬੋਲਣਾ ਸਿਖਾਇਆ ਸੀ
ਉਹਨਾਂ ਨੇ ਸਾਨੂੰ ਚੁੱਪ ਕਰਾਇਆ ਸੀ।
ਜਿਨਾਂ ਨੂੰ ਸਭ ਕੁਝ ਸਮਝਾਇਆ ਸੀ
ਉਹਨਾਂ ਨੇ ਹੀ ਨਾ ਸਮਝ ਬਣਾਇਆ ਸੀ।
ਜ਼ਿੰਦਗੀ ਦਾ ਮਤਲਬ ਸਮਝ ਨਾ ਸਕਿਆ
ਪਤਾ ਨਹੀਂ ਇੱਥੇ ਮੈਂ ਕਿਉਂ ਆਇਆ ਸੀ।
ਸਾਰੀ ਦੁਨੀਆ ਹੈ ਮਤਲਬ ਦੀ ਇੱਥੇ
ਇਹ ਦੇਰ ਨਾਲ ਸਮਝ ਆਇਆ ਸੀ।
ਰਾਤ ਭਰ ਜਿਸ ਦੀਵੇ ਨੇ ਰੋਸ਼ਨੀ ਦਿੱਤੀ
ਦਿਨ ਨਿਕਲਦੇ ਉਹ ਬੁਝਾਇਆ ਸੀ।
ਕਰਨੀ ਦਾ ਫਲ ਮਿਲਿਆ ਉਹਨਾਂ ਨੂੰ
ਜਿਨਾਂ ਨੇ ਗਰੀਬ ਨੂੰ ਸਤਾਇਆ ਸੀ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 3590 45**
**ਰੋਹਤਕ ਹਰਿਆਣਾ**

# ਗੀਤ: ਕਰ ਦਿੱਤਾ ਸਸਪੈਂਡ

ਕੁੜੀ
ਦੱਸ ਕਿੱਥੇ ਤੂੰ ਰਹਿੰਨਾਂ, ਵੇ ਕਦੇ ਸਾਰ ਮੇਰੀ ਨੀ ਲੈਨਾਂ
ਤੇਰੇ ਨਾਲ ਯਾਰੀ ਸੀ ਮੇਰੀ, ਲੋਕੀ ਕਿੱਥੇ ਜਰਦੇ ਆ
ਨਾਂ ਲੈ ਕੇ ਚੰਦਰਿਆ ਤੇਰਾ ਲੋਕੀ ਗੱਲਾਂ ਕਰਦੇ ਆ
ਨਾਂ ਲੈ ਕੇ ਚੰਦਰਿਆ ਤੇਰਾ ਲੋਕੀ ਗੱਲਾਂ ਕਰਦੇ ਆ

ਮੁੰਡਾ
ਸੀ ਜਲੰਧਰ ਦੇ ਵਿੱਚ ਚਰਚੇ, ਕੱਟੇ ਕਈਆਂ ਤੇ ਝੂਠੇ ਪਰਚੇ
ਕਈ ਭੁਗਤਦੇ ਜੇਲਾਂ, ਅੱਧ ਮੋਏ ਸਹਿਕਦੇ ਨੇ
ਤੇਰੇ ਯਾਰ ਨੂੰ ਕਰ ਸਸਪੈਂਡ ਭੇਜਤਾ ਜੇਲ ਮਹਿਕਮੇ ਨੇ
ਤੇਰੇ ਯਾਰ ਨੂੰ ਕਰ ਸਸਪੈਂਡ ਭੇਜਤਾ ਜੇਲ ਮਹਿਕਮੇ ਨੇ

ਕੁੜੀ
ਵੇ ਕਈ ਵਾਰੀ ਸਮਝਾਇਆ ਤੈਨੂੰ ਨਾ ਕਰਿਆ ਕਰ ਧੱਕਾ
ਰੱਬ ਦੇ ਘਰੇ ਦੇਰ ਹੈ ਭਾਵੇਂ, ਉਹ ਛੱਡਦਾ ਨੀ ਫੱਕਾ
ਭੀੜ ਪਈ ਤੇ ਸੱਜਣ ਵੀ ਬਾਂਹ ਕਿੱਥੇ ਫੜਦੇ ਆ
ਨਾਂ ਲੈ ਕੇ ਚੰਦਰਿਆ ਤੇਰਾ ਲੋਕੀ ਗੱਲਾਂ ਕਰਦੇ ਆ
ਨਾਂ ਲੈ ਕੇ ਚੰਦਰਿਆ ਤੇਰਾ ਲੋਕੀ ਗੱਲਾਂ ਕਰਦੇ ਆ

ਮੁੰਡਾ
ਗੁਰਮੀਤ ਡੁਮਾਣੇ ਵਾਲੇ ਨੂੰ ਸੀ ਭਾਅ, ਗਏ ਉਦੋਂ ਰੁਪਈਏ
ਜੈਸੀ ਕਰਨੀ ਵੈਸੀ ਭਰਨੀ, ਕੀ ਦੋਸ਼ ਕਿਸੇ ਨੂੰ ਦਈਏ
ਕੀ ਕਰ ਸਕਦੇ ਆਪਾਂ, ਅੰਦਰੋਂ ਜ਼ਖ਼ਮ ਦਹਿਕਦੇ ਨੇ
ਤੇਰੇ ਯਾਰ ਨੂੰ ਕਰ ਸਸਪੈਂਡ ਭੇਜਤਾ ਜੇਲ ਮਹਿਕਮੇ ਨੇ
ਤੇਰੇ ਯਾਰ ਨੂੰ ਕਰ ਸਸਪੈਂਡ ਭੇਜਤਾ ਜੇਲ ਮਹਿਕਮੇ ਨੇ

ਕੁੜੀ
ਨਾਂ ਲੈ ਕੇ ਚੰਦਰਿਆ ਤੇਰਾ ਲੋਕੀ ਗੱਲਾਂ ਕਰਦੇ ਆ

ਮੁੰਡਾ
ਤੇਰੇ ਯਾਰ ਨੂੰ ਕਰ ਸਸਪੈਂਡ ਭੇਜਤਾ ਜੇਲ ਮਹਿਕਮੇ ਨੇ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

# ਤੂੰ ਆਈ ਤਾਂ

ਤੂੰ ਆਈ ਤਾਂ
ਫੁੱਲਾਂ ਚ ਵੀ ਮਹਿਕਾਂ ਆਈਆਂ
ਗਿੱਲੇ ਵਾਲ ਹੀ ਛੰਡੇ ਜ਼ਰਾ
ਤਾਂ ਘਟਾਵਾਂ ਛਾਈਆਂ

ਤੇਰੀ ਇਕ ਮੁਸਕਾਨ ਨਾਲ
ਰਾਤਾਂ ਵਿੱਚ ਚਾਨਣੀ ਵਿਛੀ
ਤੇਰੇ ਨੈਣਾਂ ਤੋਂ
ਤਾਰਿਆਂ ਨੇ ਅਦਾਵਾਂ ਪਾਈਆਂ

ਤੇਰੇ ਪੱਬਾਂ ਦੀ ਆਹਟ ਨੇ
ਕਰਿਸ਼ਮੇ ਕਰ ਦਿੱਤੇ
ਸੁੱਕੀਆਂ ਡਾਲੀਆਂ 'ਤੇ ਵੀ
ਬਹਾਰਾਂ ਛਾਈਆਂ

ਤੇਰਾ ਸ਼ਬਾਬ ਤੱਕਿਆ
ਤਾਂ ਸਵੇਰ ਹੋ ਗਈ
ਸੁੰਨੇ ਵਿਹੜਿਆਂ ਚ ਵੀ
ਸੂਰਜ ਨੇ ਰਿਸ਼ਮਾਂ ਸਜਾਈਆਂ

ਤੇਰੀਆਂ ਯਾਦਾਂ ਦਾ ਦੀਵਾ
ਸੀਨੇ 'ਤੇ ਜਗਦਾ ਰਿਹਾ
ਕਾਲੀਆਂ ਰਾਤਾਂ ਨੇ ਵੀ
ਰੌਸ਼ਨੀਆਂ ਪਾਈਆਂ

ਤੇਰੇ ਰੁਖ਼ਸਾਰ-ਏ-ਤਾਬਿਸ਼
ਦਾ ਨੂਰ ਵੇਖੋ

ਜਦੋਂ ਵੀ ਤੂੰ ਮਿਲੀ
ਦੁਆਵਾਂ ਰੰਗ ਲਿਆਈਆਂ


ਤੇਰੀਆਂ ਨਜ਼ਰਾਂ ਨੇ
ਵੀਰਾਨ-ਏ-ਦਿਲ ਸੰਵਾਰ ਦਿੱਤੇ
ਮੁਰਝਾਏ ਫੁੱਲਾਂ ਤੇ ਵੀ
ਲਾਲੀਆਂ ਛਾਈਆਂ

ਤੇਰੇ ਹੋਠਾਂ ਦੀ ਖ਼ਾਮੋਸ਼ੀ
ਵੀ ਗ਼ਜ਼ਲ ਬਣ ਗਈ
ਮੇਰੇ ਸਫ਼ਿਆਂ ਨੇ ਵੀ
ਨਵੀਆਂ ਨਜ਼ਮਾਂ ਬਣਾਈਆਂ

ਹੁਸਨ ਤੇਰਾ
ਜਿਵੇਂ ਫਿਜਾ-ਏ-ਨਗ਼ਮਾ
ਵੇਖ ਵੇਖ ਸ਼ਾਮਾਂ ਨੂੰ ਵੀ
ਅੰਗੜਾਈਆਂ ਆਈਆਂ



**ਅਮਰਜੀਤ ਟਾਂਡਾ**



# ਸਕੂਲ ਲੈਕਚਰਾਰਾਂ ਦੀ ਭਰਤੀ ਵਿੱਚ ਅਨੁਸੂਚਿਤ ਜਾਤੀਆਂ ਦਾ ਰਾਖਵਾਂਕਰਨ ਬਹਾਲ ਕਰਵਾਉਣ ਲਈ ਆਪ ਪਾਰਟੀ ਦੇ ਐਸ.ਸੀ. ਵਿਧਾਇਕਾਂ ਅਤੇ ਆਗੂਆਂ ਨੂੰ ਦਿੱਤੇ ਜਾਣ ਮੰਗ ਪੱਤਰ

**● ਅਨੁਸੂਚਿਤ ਜਾਤੀਆਂ ਦੀਆਂ ਰਾਖਵੀਆਂ ਸੀਟਾਂ ਖਤਮ ਕਰਨਾ ਸੰਵਿਧਾਨ ਦੀ ਭਾਵਨਾ ਦੇ ਉਲਟ : ਡਾ. ਜੱਖੂ ● ਹੱਕ ਬਹਾਲ ਨਾ ਹੋਏ ਤਾਂ 'ਆਪ' ਦੇ ਐਸ.ਸੀ. ਆਗੂਆਂ ਦੇ ਫੂਕਾਂਗੇ ਪੁਤਲੇ - ਹੈਪੀ ਕੌਲ**

**ਫਗਵਾੜਾ 18 ਜੁਲਾਈ ( ਚਰਨਜੀਤ ਸੱਲ੍ਹਾ )** ਜੈ ਭੀਮ ਯੂਨਾਈਟਡ ਵੂਆਇਸ ਆਫ ਪੰਜਾਬ ਦੇ ਫਾਊਂਡਰ ਪ੍ਰਧਾਨ ਡਾ. ਹਰਜਿੰਦਰ ਸਿੰਘ ਜੱਖੂ ਅਤੇ ਸਟੇਟ ਕੋਆਰਡੀਨੇਟਰ ਇੰਜੀਨੀਅਰ ਹੈਪੀ ਕੌਲ ਨੇ ਇੱਕ ਸਾਂਝੇ ਬਿਆਨ ਵਿੱਚ ਪੰਜਾਬ ਸਰਕਾਰ 'ਤੇ ਅਨੁਸੂਚਿਤ ਜਾਤੀਆਂ ਦੇ ਰਾਖਵੇਂ ਹੱਕਾਂ ਨਾਲ ਕਥਿਤ ਤੌਰ 'ਤੇ ਵਿਤਕਰਾ ਕਰਨ ਦਾ ਦੋਸ਼ ਲਗਾਉਂਦਿਆਂ ਇਸ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਕੂਲ ਲੈਕਚਰਾਰਾਂ ਦੀ ਭਰਤੀ ਲਈ ਜਾਰੀ ਕੀਤੀਆਂ ਕਰੀਬ 1013 ਅਸਾਮੀਆਂ ਵਿੱਚੋਂ ਛੇ ਵਿਸ਼ਿਆਂ ਵਿੱਚ ਅਨੁਸੂਚਿਤ ਜਾਤੀ ਵਰਗ ਲਈ ਇੱਕ ਵੀ ਸੀਟ ਰਾਖਵੀਂ ਨਾ ਰੱਖਣਾ ਸੰਵਿਧਾਨ ਦੀ ਭਾਵਨਾ ਅਤੇ ਰਾਖਵਾਂਕਰਨ ਨੀਤੀ ਦੇ ਉਲਟ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਨਾਲ ਅਨੁਸੂਚਿਤ ਜਾਤੀਆਂ ਦੇ ਯੋਗ ਉਮੀਦਵਾਰਾਂ ਦੇ ਹੱਕਾਂ 'ਤੇ ਸਿੱਧਾ ਅਸਰ ਪਿਆ ਹੈ। ਡਾ. ਜੱਖੂ ਅਤੇ ਇੰਜੀਨੀਅਰ ਹੈਪੀ ਕੌਲ ਨੇ ਕਿਹਾ ਕਿ ਲਗਭਗ ਦੋ ਹਫ਼ਤੇ ਪਹਿਲਾਂ ਜਥੇਬੰਦੀ ਵੱਲੋਂ ਐਸ.ਡੀ.ਐਮ. ਫਗਵਾੜਾ ਰਾਹੀਂ ਪੰਜਾਬ ਸਰਕਾਰ ਨੂੰ ਇੱਕ ਮੈਮੋਰੰਡਮ ਭੇਜ ਕੇ ਮੰਗ ਕੀਤੀ ਗਈ ਸੀ ਕਿ ਅਨੁਸੂਚਿਤ ਜਾਤੀਆਂ ਦੇ ਬਣਦੇ ਸੰਵਿਧਾਨਕ ਹੱਕਾਂ ਦੀ ਰੱਖਿਆ ਕੀਤੀ ਜਾਵੇ ਅਤੇ ਭਰਤੀ ਪ੍ਰਕਿਰਿਆ ਵਿੱਚ ਰਾਖਵਾਂਕਰਨ ਨੂੰ ਯਕੀਨੀ ਬਣਾਇਆ ਜਾਵੇ। ਪਰ, ਉਨ੍ਹਾਂ ਦੇ ਅਨੁਸਾਰ, ਸਰਕਾਰ ਵੱਲੋਂ ਇਸ ਮਾਮਲੇ ਵਿੱਚ ਕੋਈ ਸਕਾਰਾਤਮਕ ਕਦਮ ਨਹੀਂ ਚੁੱਕਿਆ ਗਿਆ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ


ਡਾ. ਹਰਜਿੰਦਰ ਸਿੰਘ ਜੱਖੂ+ਇੰਜੀਨੀਅਰ ਹੈੱਪੀ ਕੌਲ।

ਇਸ ਮਸਲੇ ਦਾ ਜਲਦੀ ਹੱਲ ਨਾ ਕੀਤਾ ਤਾਂ ਜੈ ਭੀਮ ਯੂਨਾਈਟਡ ਵੂਆਇਸ ਆਫ ਪੰਜਾਬ ਵੱਲੋਂ ਸੂਬਾ ਪੱਧਰ 'ਤੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਤਹਿਤ ਪਹਿਲੇ ਪੜਾਅ ਵਿੱਚ ਆਮ ਆਦਮੀ ਪਾਰਟੀ ਦੇ ਅਨੁਸੂਚਿਤ ਜਾਤੀ ਨਾਲ ਸਬੰਧਤ ਆਗੂਆਂ ਅਤੇ ਜਨ-ਪ੍ਰਤੀਨਿਧੀਆਂ ਨੂੰ ਮੈਮੋਰੰਡਮ ਸੌਂਪ ਕੇ ਸਰਕਾਰ ਤੱਕ ਸਮਾਜ ਦੀਆਂ ਭਾਵਨਾਵਾਂ ਪਹੁੰਚਾਉਣ ਦੀ ਅਪੀਲ ਕੀਤੀ ਜਾਵੇਗੀ। ਉਨ੍ਹਾਂ ਐਲਾਨ ਕੀਤਾ ਕਿ 25 ਜੁਲਾਈ ਨੂੰ ਜਥੇਬੰਦੀ ਦਾ 21 ਮੈਂਬਰੀ ਵਫ਼ਦ ਆਮ ਆਦਮੀ ਪਾਰਟੀ ਦੇ ਐਸ.ਸੀ. ਵਿੰਗ ਦੇ ਦੁਆਬਾ ਇੰਚਾਰਜ ਅਤੇ ਫਗਵਾੜਾ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਰਨੈਲ ਸਿੰਘ ਨੰਗਲ ਨੂੰ ਮੈਮੋਰੰਡਮ ਸੌਂਪੇਗਾ। ਇਸ ਤੋਂ ਬਾਅਦ 3 ਅਗਸਤ ਨੂੰ ਵਿਧਾਇਕ ਡਾ. ਸੁਖਵਿੰਦਰ ਸਿੰਘ ਸੁੱਖੀ, ਬੀਬੀ ਲੋਹਟੀਆ ਅਤੇ ਪ੍ਰਿੰਸੀਪਲ ਪ੍ਰੇਮ ਕੁਮਾਰ ਨੂੰ ਮੈਮੋਰੰਡਮ ਦਿੱਤਾ ਜਾਵੇਗਾ। 4 ਅਗਸਤ ਨੂੰ ਕੈਬਨਿਟ ਮੰਤਰੀ ਡਾ. ਰਾਜ ਕੁਮਾਰ ਚੱਬੇਵਾਲ ਨੂੰ ਵੀ ਮੈਮੋਰੰਡਮ ਸੌਂਪਿਆ ਜਾਵੇਗਾ, ਜਦਕਿ 5 ਅਗਸਤ ਨੂੰ ਸੰਸਦ ਮੈਂਬਰ ਪਵਨ ਕੁਮਾਰ ਟੀਨੂੰ ਨਾਲ ਮੁਲਾਕਾਤ ਕਰਕੇ ਸਮਾਜ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕਾਂਗਰਸ ਪਾਰਟੀ ਨਾਲ ਸਬੰਧਤ ਦਲਿਤ ਆਗੂਆਂ ਅਤੇ ਆਦਮਪੁਰ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੂੰ ਵੀ ਮੈਮੋਰੰਡਮ ਦਿੱਤੇ ਜਾਣਗੇ। ਡਾ. ਜੱਖੂ ਅਤੇ ਇੰਜੀਨੀਅਰ ਹੈਪੀ ਕੌਲ ਨੇ ਕਿਹਾ ਕਿ ਜੇਕਰ ਇਸ ਤੋਂ ਬਾਅਦ ਵੀ ਸਰਕਾਰ ਨੇ ਅਨੁਸੂਚਿਤ ਜਾਤੀਆਂ ਦੇ ਹੱਕਾਂ ਦੀ ਬਹਾਲੀ ਲਈ ਕੋਈ ਠੋਸ ਕਦਮ ਨਾ ਚੁੱਕਿਆ ਤਾਂ ਜਥੇਬੰਦੀ ਅਗਲੇ ਪੜਾਅ ਵਿੱਚ ਰੋਸ ਪ੍ਰਦਰਸ਼ਨ, ਪੁਤਲਾ ਫੂਕ ਮੁਜ਼ਾਹਰੇ ਅਤੇ ਹੋਰ ਲੋਕਤੰਤਰੀ ਸੰਘਰਸ਼ ਦੇ ਰਾਹ 'ਤੇ ਚੱਲਣ ਲਈ ਮਜਬੂਰ ਹੋਵੇਗੀ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਉੱਘੇ ਵਿਦਵਾਨ ਰਾਹੁਲ ਸਾਂਕ੍ਰਿਤਿਆਇਨ ਦਾ ਬੁੱਤ ਤੋੜਨ ਖ਼ਿਲਾਫ਼ ਲੋਕ ਇਤਿਹਾਸ ਦੇ ਵਾਰਸ ਅੱਗੇ ਆਉਣ: ਦੇਸ਼ ਭਗਤ ਕਮੇਟੀ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਭਗਤ ਯਾਦਗਾਰ ਕਮੇਟੀ ਨੇ ਮਹਾਨ ਵਿਦਵਾਨ ਰਾਹੁਲ ਸਾਂਕ੍ਰਿਤਿਆਇਨ ਦੇ ਰਾਣੀਗੰਜ (ਪੱਛਮੀ ਬੰਗਾਲ) ਵਿੱਚ ਲੱਗੇ 9 ਫੁੱਟ ਉੱਚੇ ਯਾਦਗਾਰੀ ਬੁੱਤ ਨੂੰ ਤੋੜਕੇ ਮਿੱਟੀ ਵਿੱਚ ਮਿਲਾ ਦਿੱਤੇ ਜਾਣ ਦੀ ਸਖ਼ਤ ਨਿੰਦਾ ਕਰਦੇ ਹੋਏ ਕਿਹਾ ਹੈ ਕਿ 'ਅਣਪਛਾਤੇ ਅਨਸਰਾਂ' ਦੇ ਖਾਤੇ ਵਿੱਚ ਪਾਉਣ ਦੀਆਂ ਕਾਰਸ਼ਤਾਨੀਆਂ ਮੁਲਕ ਦੇ ਜਾਗਦੀ ਅੱਖ ਵਾਲੇ ਲੋਕਾਂ ਨੂੰ ਗੁੰਮਰਾਹ ਨਹੀਂ ਕਰ ਸਕਦੀਆਂ ਕਿਉਂਕਿ ਲੋਕ ਜਾਣਦੇ ਨੇ ਇਹ ਕਾਰਾ ਭਾਜਪਾ ਅਤੇ ਆਰ.ਐਸ.ਐਸ. ਦੇ ਥਾਪੜੇ ਸਦਕਾ ਹੋਇਆ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਕਮੇਟੀ ਦੇ ਧਿਆਨ ਵਿੱਚ ਆਈ ਵਿਦਵਾਨ ਖੋਜੀ ਲੇਖਕ ਰਾਹੁਲ ਸਾਂਕ੍ਰਿਤਿਆਇਨ ਦੇ ਸਪੁੱਤਰ ਜੇਤਾ ਸਾਂਕ੍ਰਿਤਿਆਇਨ ਦੀ ਅਪੀਲ ਤੋਂ ਸਾਫ਼ ਪਤਾ ਲੱਗਦਾ ਹੈ ਕਿ ਪੱਛਮੀ ਬੰਗਾਲ ਵਿੱਚ ਰਾਜ ਸਤਾ ਤੇ ਜਦੋਂ ਤੋਂ ਭਾਜਪਾ ਹਕੂਮਤ ਕਾਬਜ਼ ਹੋਈ ਹੈ ਉਸ ਵੇਲੇ ਤੋਂ ਹੀ ਇੱਕ ਤੋਂ ਬਾਅਦ ਦੂਜੀ ਮਜ਼ਦੂਰ ਜਮਾਤ ਦੇ ਮਹਾਨ ਇਨਕਲਾਬੀ ਰਹਿਬਰ



ਲੈਨਿਨ ਦਾ ਬੁੱਤ ਤੋੜੇ ਜਾਣ ਵਰਗੀ ਕੋਈ ਨਾ ਕੋਈ ਅਜੇਹੀ ਹਰਕਤ ਹੁੰਦੀ ਆ ਰਹੀ ਹੈ ਅਤੇ ਉਸ ਵਿੱਚ ਭਾਜਪਾ, ਆਰ.ਐਸ.ਐਸ. ਅਤੇ ਉਸੇ ਧਰਮ ਦੀਆਂ ਹੋਰ ਸੰਸਥਾਵਾਂ ਵੱਲੋਂ ਹੁੱਬ ਕੇ ਪੂਰੀ ਬੇਸ਼ਰਮੀ ਨਾਲ ਜਸ਼ਨ ਮਨਾਉਣ ਦੀਆਂ ਝਲਕਾਂ ਲੋਕਾਈ ਨੇ ਦੇਖੀਆਂ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਦਾ ਕਹਿਣਾ ਹੈ ਕਿ ਤੋੜਿਆ ਜਾਣ ਵਾਲਾ ਬੁੱਤ ਰਾਹੁਲ ਸਾਂਕ੍ਰਿਤਿਆਇਨ ਦੀ ਜਨਮ ਸ਼ਤਾਬਦੀ ਮੌਕੇ 1994 ਵਿੱਚ 'ਕੋਲ ਮਜ਼ਦੂਰ ਸਭਾ ਇੰਡੀਆਂ' ਅਤੇ 'ਈਸਟਰਨ ਕੋਲ ਫੀਲਡਜ਼ ਲਿਮ.' ਦੀ ਪਹਿਲਕਦਮੀ 'ਤੇ ਮਜ਼ਦੂਰਾਂ ਵੱਲੋਂ ਲਾਇਆ ਗਿਆ ਸੀ। ਰਾਹੁਲ ਸਾਂਕ੍ਰਿਤਿਆਇਨ ਦੇ ਵੱਡੀ ਉਮਰ ਦੇ ਗੰਭੀਰ ਮਰਜ਼ਾਂ ਤੋਂ ਪੀੜਤ ਸਪੁੱਤਰ ਜੇਤਾ ਸਾਂਕ੍ਰਿਤਿਆਇਨ ਦੀ ਅਪੀਲ ਨੂੰ ਤੁਰੰਤ ਹੁੰਗਾਰਾ ਭਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਗ਼ਦਰ, ਬੱਬਰ ਅਕਾਲੀ ਅਤੇ ਸਮੁੱਚੀ ਕੌਮੀ ਇਨਕਲਾਬੀ ਜਮਹੂਰੀ ਲਹਿਰ ਦੀ ਸ਼ਾਨਾਂਮੱਤੀ ਵਿਰਾਸਤ ਨੂੰ ਉਚਿਆਉਂਦੇ ਹੋਏ ਸਮੂਹ ਸੰਸਥਾਵਾਂ ਨੂੰ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਹੈ। ਕਮੇਟੀ ਨੇ ਖ਼ਬਰਦਾਰ ਕੀਤਾ ਹੈ ਕਿ ਅਜੇਹੇ ਮਾਮਲਿਆਂ 'ਚ ਜ਼ਰਾ ਜਿੰਨੀ ਢਿੱਲ ਵੀ ਸਾਥੋਂ ਭਵਿੱਖ 'ਚ ਵਡੇਰੀ ਕੀਮਤ ਵਸੂਲੇਗੀ ਅਤੇ ਜੇਕਰ ਇਸ ਮਾਰੂ ਹੱਲੇ ਖ਼ਿਲਾਫ਼ ਜਨਤਕ ਲਹਿਰ ਨਾ ਖੜ੍ਹੀ ਹੋਈ ਤਾਂ ਪੰਜਾਬ ਅੰਦਰ ਇਨਕਲਾਬੀ ਜਮਹੂਰੀ ਲੋਕ ਇਤਿਹਾਸ ਵਿਰਾਸਤ ਅਤੇ ਯਾਦਗਾਰਾਂ ਉਪਰ ਵੀ ਅਜੇਹੇ ਮਾਰੂ ਹੱਲੇ ਹੋਣਗੇ।

# ਅਸ਼ੋਕ ਕਟਾਰੀਆ ਵੱਲੋਂ ਪਿੰਡ ਬਾਗੋਵਾਲ ਤੋਂ 'ਤੀਰਥ ਯਾਤਰਾ ਸਕੀਮ' ਤਹਿਤ ਸ਼ਰਧਾਲੂਆਂ ਦਾ ਜਥਾ ਰਵਾਨਾ

**ਬਲਾਚੌਰ , 18 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਕਾਠਗੜ੍ਹ ਦੇ ਨੇੜੇ ਪਿੰਡ ਬਾਗੋਵਾਲ ਵਿਖੇ ਅੱਜ ਪੰਜਾਬ ਸਰਕਾਰ ਦੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਹੋ ਰਹੇ ਸ਼ਰਧਾਲੂਆਂ ਦੇ ਜਥੇ ਨੂੰ ਆਪ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਅਤੇ ਸੀਨੀਅਰ 'ਆਪ' ਆਗੂ ਅਤੇ ਸਾਬਕਾ ਚੇਅਰਮੈਨ ਜ਼ਿਲ੍ਹਾ ਪਲੈਨਿੰਗ ਬੋਰਡ ਸਤਨਾਮ ਜਲਾਲਪੁਰ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸ਼ੁਭਕਾਮਨਾਵਾਂ ਸਹਿਤ ਰਵਾਨਾ ਕੀਤਾ ਗਿਆ। ਇਸ ਮੌਕੇ ਸ਼ਰਧਾਲੂਆਂ ਨੂੰ ਮਿਲਣ ਅਤੇ ਉਨ੍ਹਾਂ ਦਾ ਹੌਸਲਾ ਵਧਾਉਣ ਮੌਕੇ ਗੱਲਬਾਤ ਕਰਦਿਆਂ ਸਾਬਕਾ ਚੇਅਰਮੈਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਲੋਕਾਂ ਦੀ ਸੇਵਾ ਅਤੇ ਬਜ਼ੁਰਗਾਂ ਦਾ ਸਤਿਕਾਰ ਸਾਡੀ ਪਹਿਲ ਹੈ।"ਉਨ੍ਹਾਂ ਅੱਗੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਤੀਰਥ ਯਾਤਰਾ ਸਕੀਮ ਇੱਕ ਬਹੁਤ ਹੀ ਸ਼ਲਾਘਾਯੋਗ ਅਤੇ ਇਤਿਹਾਸਕ ਕਦਮ ਹੈ। ਉਨ੍ਹਾਂ ਨੇ ਮੌਜੂਦ ਸੰਗਤ ਅਤੇ ਯਾਤਰੀਆਂ ਨਾਲ ਸਰਕਾਰ ਵੱਲੋਂ ਸ਼ੁਰੂ ਕੀਤੀ ਇਸ ਲੋਕ-



ਭਲਾਈ ਪਹਿਲ ਬਾਰੇ ਅਹਿਮ ਜਾਣਕਾਰੀ ਵੀ ਸਾਂਝੀ ਕੀਤੀ, ਤਾਂ ਜੋ ਵੱਧ ਤੋਂ ਵੱਧ ਲੋਕ ਇਸ ਦਾ ਲਾਹਾ ਲੈ ਸਕਣ। ਜਥੇ ਨੂੰ ਰਵਾਨਾ ਕਰਨ ਮੌਕੇ ਸਤਨਾਮ ਜਲਾਲਪੁਰ ਨੇ ਸ਼ਰਧਾਲੂਆਂ ਦੀ ਚੰਗੀ ਸਿਹਤ ਦੀ ਕਾਮਨਾ ਕੀਤੀ ਅਤੇ ਆਖਿਆ ਕਿ ਵਾਹਿਗੁਰੂ ਸਮੂਹ ਯਾਤਰੀਆਂ ਦੀ ਇਸ ਪਵਿੱਤਰ ਯਾਤਰਾ ਨੂੰ ਸੁਖਮਈ, ਸੁਰੱਖਿਅਤ ਅਤੇ ਮੰਗਲਮਈ ਬਣਾਵੇ।

# ਸੇਫ ਸਕੂਲ ਵਾਹਨਾ ਪਾਲਿਸੀ ਤਹਿਤ ਸਕੂਲੀ ਬੱਸਾਂ ਦੀ ਚੈਕਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਸਕੂਲ ਮੁਖੀ ਵੱਲੋਂ ਬੱਸਾਂ ਵਿਚ ਸਾਰੇ ਨਾਰਮਜ਼/ਸ਼ਰਤਾਂ ਦੀ ਪਾਲਣਾ ਕਰਨੀ ਅਤਿ ਜ਼ਰੂਰੀ ਹੈ। ਇਸ ਸਬੰਧੀ ਮਿਤੀ 166 ਅਤੇ 17 ਜੁਲਾਈ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮੀਸ਼ਨ ਵੱਲੋਂ ਜਾਰੀ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਹੁਕਮਾਂ ਅਨੁਸਾਰ ਸੇਫ ਸਕੂਲ ਵਾਹਨਾ ਪਲਿਸੀ ਤਹਿਤ ਬੱਸਾਂ ਚੈੱਕ ਕੀਤੀਆਂ ਗਈਆਂ। ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਿਤੀ 16 ਅਤੇ 17 ਜੁਲਾਈ ਨੂੰ ਔਕਸਫੋਰਡ ਇੰਟਰਨੈਸ਼ਨਲ ਸਕੂਲ ਅੱਤੋਵਾਲ, ਬਲਿਸ ਪਬਲਿਕ ਸਕੂਲ ਅਤੇ ਨਵਯੁੱਗ ਮਾਡਲ ਅੱਤੋਵਾਲ ਅਤੇ ਦਿੱਲੀ ਇੰਟਰਨੈਸ਼ਨਲ ਸਕੂਲ ਚੱਬੇਵਾਲ ਵਿਖੇ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਕੁੱਲ 29 ਸਕੂਲ ਬੱਸਾਂ ਚੈੱਕ ਕੀਤੀਆਂ ਗਈਆਂ ਅਤੇ 10 ਚਲਾਨ ਕੱਟੇ ਗਏ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਹਰਪ੍ਰੀਤ ਕੌਰ ਨੇ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ ਬੱਸਾਂ ਨਾਲ ਅਕਸਰ



ਕੋਈ ਨਾ ਕੋਈ ਹਾਦਸਾ ਵਾਪਰਨ ਦਾ ਖਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਨੂੰ ਪੂਰੇ ਜ਼ਿਲ੍ਹੇ ਵਿਚ ਲਗਾਤਾਰ ਚੱਲਾਇਆ ਜਾਵੇਗਾ। ਉਨ੍ਹਾਂ ਸਾਰੇ ਸਕੂਲਾਂ ਨੂੰ ਹਦਾਇਤ ਕੀਤੀ ਕਿ ਸਾਰੇ ਡਰਾਇਵਰਾਂ ਦਾ ਸਮੇਂ ਸਿਰ ਮੈਡੀਕਲ ਚੈੱਕਅੱਪ ਕਰਵਾਇਆ ਜਾਵੇ , ਸਾਰੀਆਂ ਬੱਸਾਂ ਦੇ ਡਰਾਈਵਰ ਅਤੇ ਅਟੈਂਡੈਂਟ ਆਪਣੀ ਯੂਨੀਫਾਰਮ ਜ਼ਰੂਰ ਪਾਉਣ, ਬੱਸਾਂ ਵਿਚ ਸਫਰ ਕਰਨ ਵਾਲੇ ਛੋਟੇ ਬੱਚਿਆਂ ਦਾ ਖਾਸ ਧਿਆਨ ਰੱਖਣ ਉਹਨਾਂ ਨੂੰ ਬੱਸ ਤੋਂ ਚੜ੍ਹਨ ਅਤੇ ਉਤਰਨ ਸਮੇਂ ਸਹੀ ਤਰੀਕੇ ਨਾਲ ਰੋਡ ਕਰਾਸ ਕਰਵਾਉਣ ਅਤੇ ਜਿਨ੍ਹਾਂ ਸਕੂਲੀ ਬੱਸਾਂ ਵਿਚ ਜੋ ਵੀ ਕਮੀਆਂ ਪਾਈਆਂ ਗਈਆਂ ਹਨ ਉਨ੍ਹਾਂ ਨੂੰ ਤੁਰੰਤ ਦੂਰ ਕੀਤਾ ਜਾਵੇ। ਇਸ ਮੌਕੇ ਸ਼ੋਸ਼ਲ ਵਰਕਰ ਗੁਰਜੋਤ ਸਿੰਘ, ਸੁਪਰਵਾਈਜ਼ਰ ਗੁਰਪ੍ਰੀਤ ਕੌਰ , ਕੇਸ ਵਰਕਰ ਜਸਵਿੰਦਰ ਸਿੰਘ , ਬਾਲ ਭਲਾਈ ਕਮੇਟੀ, ਹੁਸ਼ਿਆਰਪੁਰ ਤੋਂ ਚੇਅਰਪਰਸਨਰ ਹਰਜੀਤ ਕੌਰ , ਮੈਂਬਰ ਜਗਦੀਸ਼ ਮਿੱਤਰ , ਰਿਜ਼ਨਲ ਟਰਾਂਸਪੋਰਟ ਅਥਾਰਟੀ ਵਿਭਾਗ ਤੋਂ ਕੁਲਦੀਪ ਸਿੰਘ , ਪੁਲਿਸ ਵਿਭਾਗ ਤੋਂ ਮਹੇਸ਼ ਪਾਲ, ਏ.ਐਸ.ਆਈ ਪਰਮਜੀਤ ਸਿੰਘ, ਮਨਪ੍ਰੀਤ ਮਨੀ ਅਤੇ ਸਮੂਹ ਟੀਮ ਹਾਜਰ ਸਨ। ਚੈਕਿੰਗ ਦੌਰਾਨ ਜਿਨ੍ਹਾਂ ਸਕੂਲੀ ਬੱਸਾਂ ਵਿਚ ਮਿਆਦ ਖਤਮ ਹੋ ਚੁੱਕੀਆਂ ਫਸਟ ਏਡ ਕਿੱਟਾਂ, ਬਿਨਾਂ ਲੇਡੀ ਅਟੈਂਡੈਂਟ, ਬਿਨ੍ਹਾਂ ਪਾਸਿੰਗ, ਸਪੀਡ ਗਵਰਨਰ ਦਾ ਨਾ ਹੋਣਾ, ਬੱਸ ਵਿਚ ਐਮਰਜੈਂਸੀ ਐਗਸਜ਼ਿਟ ਦਾ ਨਾ ਹੋਣਾ, ਬਿਨਾ ਅੱਗ ਬੁਝਾਊ ਯੰਤਰ, ਬਿਨ੍ਹਾਂ ਸੀ. ਸੀ. ਟੀ. ਵੀ. ਕੈਮਰਾ, ਬੱਸ ਵਿਚ ਸਿਟਿੰਗ ਕਪੈਸਿਟੀ ਦਾ ਵੱਧ ਹੋਣਾ, ਬਿਨ੍ਹਾਂ ਇੰਸ਼ੋਰੈਨਸ ਆਦਿ ਕਮੀਆਂ ਪਾਈਆਂ ਗਈਆਂ। ਸਮੂਹ ਟੀਮ ਵਲੋਂ ਵੱਖ-ਵੱਖ ਸਕੂਲਾਂ ਵਿੱਚ ਸੇਫ ਸਕੂਲ ਵਾਹਨ ਪਾਲਸੀ ਬਾਰੇ ਜਾਗਰੂਕਤਾ ਵੀ ਕੀਤੀ ਗਈ।

## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਾਣਾ ਮੰਡੀ ਬੰਗਾ ਵਿਖੇ 24 ਜੁਲਾਈ ਨੂੰ ਵਿਸ਼ਾਲ ਕੀਰਤਨ ਦਰਬਾਰ ਹੋਵੇਗਾ - ਡਿਪਟੀ ਕਮਿਸ਼ਨਰ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰੀ ਕੀਰਤਨ ਦਰਬਾਰ ਕਰਵਾ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਫਲਸਫੇ ਅਤੇ ਮਹਾਨ ਉਪਦੇਸ਼ਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸੇ ਕੜੀ ਤਹਿਤ ਦਾਣਾ ਮੰਡੀ, ਬੰਗਾ ਵਿਖੇ 24 ਜੁਲਾਈ (ਸ਼ੁੱਕਰਵਾਰ) ਨੂੰ ਸਵੇਰੇ 9 ਵਜੇ ਤੋਂ 12 ਵਜੇ ਤੱਕ (ਦੁਪਹਿਰ) ਵਿਸ਼ਾਲ ਕੀਰਤਨ ਦਰਬਾਰ ਕਰਵਾਇਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲੇ ਅਤੇ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ, ਸ੍ਰੀ ਹਰਮਿੰਦਰ ਸਾਹਿਬ ਵਲੋਂ ਕੀਰਤਨ ਕੀਤਾ ਜਾਵੇਗਾ। ਭਾਈ ਗੁਰਮੀਤ ਸਿੰਘ ਕਥਾ ਵਿਚਾਰ ਕਰਨਗੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੂਰਾ ਸਾਲ ਵੱਖ-ਵੱਖ ਹੋਰ ਵੀ ਪ੍ਰੋਗਰਾਮ ਕੀਤੇ ਜਾਣਗੇ। ਜਿਸ ਅਧੀਨ ਖਾਸ ਤੌਰ ਉੱਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਨੂੰ ਸਮਰਪਿਤ ਜਿਲ੍ਹੇ ਵਿੱਚ 6.5 ਲੱਖ ਬੂਟੇ ਲਗਾਏ ਜਾਣਗੇ। ਇਸ ਦੇ ਨਾਲ ਹੀ ਸਕੂਲਾਂ ਅਤੇ ਕਾਲਜਾਂ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਅਤੇ ਧਾਰਮਿਕ ਵਿਚਾਰਾਂ ਨੂੰ ਵਿਦਿਆਰਥੀਆਂ ਤੱਕ ਪਹੁਚਾਉਣ ਲਈ ਸੈਮੀਨਾਰ, ਲੇਖ ਤੇ ਪੇਂਟਿੰਗ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਉਨ੍ਹਾਂ ਇਸ ਮੌਕੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੀਰਤਨ ਦਰਬਾਰ ਵਿੱਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਲਈ ਸਾਰੇ ਲੋੜੀਂਦੇ ਪ੍ਰਬੰਧ ਵਧੀਆ ਤਰੀਕੇ ਨਾਲ ਮੁਕੰਮਲ ਕੀਤੇ ਜਾਣ। ਸੰਗਤ ਦੀ ਸਹੂਲਤ ਲਈ ਪਾਰਕਿੰਗ, ਪੀਣ ਵਾਲੇ ਪਾਣੀ, ਬੈਠਣ, ਲਾਈਟਾਂ, ਸਾਊਂਡ ਸਿਸਟਮ, ਮੈਡੀਕਲ ਟੀਮਾਂ ਅਤੇ ਐਂਬੂਲੈਂਸ ਦੀ ਸਹੂਲਤ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦ-ਾਸ ਮਹਾਰਾਜ ਜੀ ਨੇ ਸਮਾਨ-ਤਾ, ਭਾਈਚਾਰੇ ਅਤੇ ਸਮਾਜਿਕ ਨਿਆਂ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਸਮੂਹ ਧਾਰਮਿਕ, ਸਮਾਜਿਕ ਅਤੇ ਸਵੈ-ਸੇਵੀ ਸੰਸਥਾਵਾਂ ਸਮੇਤ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਪਵਿੱਤਰ ਸਮਾਗਮ ਨੂੰ ਸਫਲ ਬਣਾਉਣ ਲਈ ਪ੍ਰਸ਼ਾਸਨ ਦਾ ਸਹਿਯੋਗ ਕਰਨ ਅਤੇ ਵੱਧ ਤੋਂ ਵੱਧ ਗਿਣਤੀ ਵਿਚ 24 ਜੁਲਾਈ ਨੂੰ ਵਿਸ਼ਾਲ ਕੀਰਤਨ ਦਰਬਾਰ ਵਿਖੇ ਪਹੁੰਚਣ। ਉਨ੍ਹਾ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਸਬੰਧੀ ਲ ਵਿਸ਼ਾਲ ਕੀਰਤਨ ਦਰਬਾਰ ਉਪਰੰਤ ਸੰਗਤ ਲਈ ਲੰਗਰ ਦੀ ਸੇਵਾ ਵੀ ਕੀਤੀ ਜਾ ਰਹੀ ਹੈ।

## ਸਾਰੇ ਯੋਗ ਨਾਗਰਿਕ ਬੀ.ਐਲ.ਓਜ਼ ਨੂੰ ਦੇਣ ਸਹਿਯੋਗ, ਵੋਟ ਦੇ ਅਧਿਕਾਰ ਨੂੰ ਬਣਾਓ ਯਕੀਨੀ - ਡਿਪਟੀ ਕਮਿਸ਼ਨਰ ਆਸ਼ਿਕਾ ਜੈਨ

### ਐਸ.ਆਈ.ਆਰ.-2026: ਬੀ.ਐਲ.ਓਜ਼ ਦਾ ਘਰ-ਘਰ ਸਰਵੇ 3 ਅਗਸਤ ਤੱਕ ਵਧਾਇਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਚੋਣ ਕਮਿਸ਼ਨ ਵੱਲੋਂ ਯੋਗਤਾ ਮਿਤੀ 01 ਅਕਤੂਬਰ, 2026 ਦੇ ਆਧਾਰ 'ਤੇ ਚੱਲ ਰਹੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ)-2026 ਲਈ ਸੋਧਿਆ ਹੋਇਆ ਕਾਰਜਕ੍ਰਮ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਧੇ ਹੋਏ ਸ਼ਡਿਊਲ ਅਨੁਸਾਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵੋਟਰ ਸੂਚੀ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਦੀ ਕਾਰਵਾਈ ਜਾਰੀ ਰਹੇਗੀ। ਉਨ੍ਹਾਂ ਦੱਸਿਆ ਕਿ ਸੋਧੇ ਹੋਏ ਸ਼ਡਿਊਲ ਅਨੁਸਾਰ ਬੂਥ ਲੈਵਲ ਅਫ਼ਸਰਾਂ ਵੱਲੋਂ ਘਰ-ਘਰ ਜਾ ਕੇ ਸਰਵੇਖਣ ਦੀ ਕਾਰਵਾਈ ਹੁਣ 03 ਅਗਸਤ, 2026 ਤੱਕ ਕੀਤੀ ਜਾਵੇਗੀ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਮੁੱਢਲੀ ਵੋਟਰ ਸੂਚੀ 13 ਅਗਸਤ, 2026 ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ ਅਤੇ ਮਿਤੀ 13 ਅਗਸਤ ਤੋਂ 12 ਸਤੰਬਰ, 2026 ਤੱਕ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕੀਤੇ ਜਾਣਗੇ। ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ 13 ਅਗਸਤ ਤੋਂ 08 ਅਕਤੂਬਰ, 2026 ਤੱਕ ਕੀਤਾ ਜਾਵੇਗਾ ਅਤੇ ਅੰਤਿਮ ਵੋਟਰ ਸੂਚੀ 12 ਅਕਤੂਬਰ, 2026 ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ।

## ਹਰ ਮਰੀਜ਼ ਨੂੰ ਸਮੇਂ ਸਿਰ ਬਿਹਤਰ ਇਲਾਜ ਮੁਹੱਈਆ ਕਰਵਾਉਣਾ ਯਕੀਨੀ ਬਣਾਓ : ਐੱਸ.ਐੱਮ.ਓ. ਡਾ. ਸਤਿੰਦਰਜੀਤ ਕੌਰ

**ਨਵਾਂਸ਼ਹਿਰ, 18 ਜੁਲਾਈ (ਮਨੋਰੰਜਨ ਕਾਲੀਆ )** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੀ ਸੀਨੀਅਰ ਮੈਡੀਕਲ ਅਫ਼ਸਰ ਡਾ. ਸਤਿੰਦਰਜੀਤ ਕੌਰ ਵੱਲੋਂ ਸ਼ਨਿੱਚਰਵਾਰ ਨੂੰ ਆਯੂਸ਼ਮਾਨ ਆਰੋਗਿਆ ਕੇਂਦਰ ਜੱਬੋਵਾਲ, ਜਾਡਲਾ ਅਤੇ ਭਰਟਾ ਖੁਰਦ ਦਾ ਅਚਨਚੇਤ ਨਿਰੀਖਣ ਕੀਤਾ ਗਿਆ। ਨਿਰੀਖਣ ਦੌਰਾਨ ਡਾ. ਸਤਿੰਦਰਜੀਤ ਕੌਰ ਨੇ ਓਪੀਡੀ ਸੇਵਾਵਾਂ, ਦਵਾਈਆਂ ਦੀ ਉਪਲੱਬਧਤਾ, ਰਿਕਾਰਡਾਂ ਦੀ ਸੰਭਾਲ, ਸਫ਼ਾਈ ਪ੍ਰਬੰਧ, ਮਰੀਜ਼ਾਂ



ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਅਤੇ ਕੌਮੀ ਸਿਹਤ ਪ੍ਰੋਗਰਾਮਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਸਿਹਤ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਹਰ ਲਾਭਪਾਤਰੀ ਨੂੰ ਸਮੇਂ ਸਿਰ, ਗੁਣਵੱਤਾ ਭਰਪੂਰ ਅਤੇ ਲੋਕ-ਪੱਖੀ ਸਿਹਤ ਸੇਵਾਵਾਂ ਯਕੀਨੀ ਬਣਾਈਆਂ ਜਾਣ। ਐੱਸ.ਐੱਮ.ਓ. ਡਾ. ਸਤਿੰਦਰਜੀਤ ਕੌਰ ਨੇ ਕਿਹਾ ਕਿ ਆਯੂਸ਼ਮਾਨ ਆਰੋਗਿਆ ਕੇਂਦਰਾਂ ਨੂੰ ਪ੍ਰਾਇਮਰੀ ਸਿਹਤ ਸੇਵਾਵਾਂ ਦਾ ਮਜ਼ਬੂਤ ਆਧਾਰ ਬਣਾਉਣਾ ਸਿਹਤ ਵਿਭਾਗ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਆਉਣ ਵਾਲੇ ਹਰ ਮਰੀਜ਼ ਨੂੰ ਬਿਨਾਂ ਕਿਸੇ ਭੇਦਭਾਵ ਦੇ ਬਿਹਤਰੀਨ ਇਲਾਜ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਉਨ੍ਹਾਂ ਸਟਾਫ਼ ਨੂੰ ਹਦਾਇਤ ਕੀਤੀ ਕਿ ਸਫ਼ਾਈ, ਸਮੇਂ ਦੀ ਪਾਬੰਦੀ, ਰਿਕਾਰਡਾਂ ਦੀ ਸਹੀ ਸੰਭਾਲ ਅਤੇ ਸਰਕਾਰੀ ਸਿਹਤ ਯੋਜਨਾਵਾਂ ਦੇ ਪ੍ਰਭਾਵਸ਼ਾਲੀ ਲਾਗੂਕਰਨ ਵਿੱਚ ਕੋਈ ਕਮੀ ਨਾ ਰਹਿਣ ਦਿੱਤੀ ਜਾਵੇ।

# ਲੋਕ ਸੇਵਾ ਨੂੰ ਮਿਲੀ ਨਵੀਂ ਤਾਕਤ: ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਪੰਜਾਬ ਸਰਕਾਰ ਦੇ ਨਵੇਂ ਨਿਯੁਕਤ ਬੋਰਡ ਚੇਅਰਪਰਸਨਾਂ ਦਾ ਭਰਵਾਂ ਸਨਮਾਨ

**ਹੁਸ਼ਿਆਰਪੁਰ/ਗੜ੍ਹਸ਼ੰਕਰ:(ਬਲ ਵੀਰ ਚੌਂਪੜਾ ) 18 ਜੁਲਾਈ** ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਬੋਰਡਾਂ ਦੇ ਨਵੇਂ ਨਿਯੁਕਤ ਚੇਅਰਪਰਸਨਾਂ ਦੇ ਸਨਮਾਨ ਵਿੱਚ ਗੜ੍ਹਸ਼ੰਕਰ ਦੇ ਸਿਵਾਲਿਕ ਪੈਲਸ ਵਿਖੇ ਇੱਕ ਸ਼ਾਨਦਾਰ ਅਤੇ ਭਰਵਾਂ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਵਿਧਾਇਕ ਗੜ੍ਹਸ਼ੰਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਨਵੇਂ ਨਿਯੁਕਤ ਚੇਅਰਪਰਸਨਾਂ ਨੂੰ ਸਨਮਾਨਿਤ ਕਰਦਿਆਂ ਉਨ੍ਹਾਂ ਨੂੰ ਨਵੀਆਂ ਜ਼ਿੰਮੇਵਾਰੀਆਂ ਲਈ ਦਿਲੋਂ ਵਧਾਈ ਦਿੱਤੀ ਅਤੇ ਲੋਕ ਸੇਵਾ ਨੂੰ ਸਰਵੋੱਚ ਤਰਜੀਹ ਦੇਣ ਦਾ ਸੱਦਾ ਦਿੱਤਾ।

ਸਨਮਾਨਿਤ ਕੀਤੇ ਗਏ ਚੇਅਰਪਰਸਨਾਂ ਵਿੱਚ ਜਸਕਰਨ ਤੰਬਰ (ਸੈਣੀ ਵੈਲਫੇਅਰ ਬੋਰਡ), ਦਲਜੀਤ ਸਿੰਘ (ਸੈਣ ਸਮਾਜ ਵੈਲਫੇਅਰ ਬੋਰਡ), ਜਸਪ੍ਰੀਤ ਫਲੋਰਾ (ਰਾਮਗੜ੍ਹੀਆ ਵੈਲਫੇਅਰ ਬੋਰਡ), ਪਰਵੀਨ ਕੁਮਾਰ (ਰਾਜਪੂਤ ਕਲਿਆਣ ਬੋਰਡ), ਦਲਵਿੰਦਰ ਪਾਲ ਸਿੰਘ (ਖੱਤਰੀ ਅਰੋੜਾ ਵੈਲਫੇਅਰ ਬੋਰਡ), ਪਾਸਟਰ ਕੁਲਵਿੰਦਰ ਸਿੰਘ (ਮਸੀਹ ਵੈਲਫੇਅਰ ਬੋਰਡ), ਇਸਮਾਈਲ ਖਾਨ (ਮੁਸਲਿਮ ਵਿਕਾਸ ਬੋਰਡ), ਬਲਵਿੰਦਰ ਸਿੰਘ ਡੱਬ (ਪ੍ਰਜਾਪਤ ਸਮਾਜ ਵੈਲਫੇਅਰ ਬੋਰਡ), ਰਾਜਵਰਿੰਦਰ ਸਿੰਘ ਥਿੰਦ (ਕੰਬੋਜ ਵੈਲਫੇਅਰ ਬੋਰਡ), ਵਿਕਾਸ ਕਾਂਡਾ (ਸਵਰਨਕਾਰ ਵੈਲਫੇਅਰ ਬੋਰਡ), ਹਰਮੇਸ਼ ਲਾਲ (ਗੁੱਜਰ ਵੈਲਫੇਅਰ ਬੋਰਡ), ਰਾਜੀਵ ਕੁਮਾਰ ਸ਼ਰਮਾ (ਬ੍ਰਾਹਮਣ ਵੈਲਫੇਅਰ ਬੋਰਡ), ਪ੍ਰਦੀਪ ਲੋਈ (ਦਲਿਤ ਵਿਕਾਸ ਬੋਰਡ), ਗੋਲਡੀ ਭੂਸ਼ਣ (ਖੇਡ ਭਲਾਈ ਬੋਰਡ), ਜੀਤ ਰਾਮ (ਬਾਜ਼ੀਗਰ ਅਤੇ ਟੱਪਰੀਵਾਸ ਵੈਲਫੇਅਰ ਬੋਰਡ) ਅਤੇ ਭੂਸ਼ਣ ਕੁਮਾਰ ਅਗਰਵਾਲ (ਅਗਰਵਾਲ ਵੈਲਫੇਅਰ ਬੋਰਡ) ਸ਼ਾਮਲ ਸਨ।






ਆਪਣੇ ਸੰਬੋਧਨ ਦੌਰਾਨ ਡਿਪਟੀ ਸਪੀਕਰ ਸ. ਰੌੜੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕ-ਭਲਾਈ, ਪਾਰਦਰਸ਼ੀ ਪ੍ਰਸ਼ਾਸਨ ਅਤੇ ਸਰਵਪੱਖੀ ਵਿਕਾਸ ਲਈ ਦ੍ਰਿੜ੍ਹ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਨਵੇਂ ਚੇਅਰਪਰਸਨਾਂ ਦੀ ਨਿਯੁਕਤੀ ਨਾਲ ਵੱਖ-ਵੱਖ ਬੋਰਡਾਂ ਦੀ ਕਾਰਗੁਜ਼ਾਰੀ ਹੋਰ ਮਜ਼ਬੂਤ ਹੋਵੇਗੀ ਅਤੇ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਸਮਾਜ ਦੇ ਹਰ ਵਰਗ ਤੱਕ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚੇਗਾ।

ਉਨ੍ਹਾਂ ਕਿਹਾ ਕਿ ਬੋਰਡਾਂ ਦੀ ਸਫ਼ਲਤਾ ਉਨ੍ਹਾਂ ਦੀ ਅਗਵਾਈ ਕਰਨ ਵਾਲੇ ਵਿਅਕਤੀਆਂ ਦੀ ਦੂਰਅੰਦੇਸ਼ੀ, ਇਮਾਨਦਾਰੀ ਅਤੇ ਲੋਕ ਸੇਵਾ ਪ੍ਰਤੀ ਸਮਰਪਣ 'ਤੇ ਨਿਰਭਰ ਕਰਦੀ ਹੈ। ਉਨ੍ਹਾਂ ਨਵੇਂ ਚੇਅਰਪਰਸਨਾਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਨਾਲ ਨਿਰੰਤਰ ਸੰਪਰਕ ਬਣਾਈ ਰੱਖਣ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਸੁਣਨ ਅਤੇ ਸਰਕਾਰ ਦੀਆਂ ਨੀਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ।

ਇਸ ਮੌਕੇ ਨਵੇਂ ਨਿਯੁਕਤ ਚੇਅਰਪਰਸਨਾਂ ਨੇ ਪੰਜਾਬ ਸਰਕਾਰ ਅਤੇ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਆਪਣੇ ਅਹੁਦੇ ਦੀ ਮਰਿਆਦਾ ਨੂੰ ਕਾਇਮ ਰੱਖਦੇ ਹੋਏ ਲੋਕ ਸੇਵਾ ਨੂੰ ਆਪਣੀ ਪਹਿਲੀ ਤਰਜੀਹ ਬਣਾਉਣਗੇ।

ਇਸ ਸਮਾਗਮ ਵਿੱਚ ਹਲਕਾ ਸੰਗਠਨ ਇੰਚਾਰਜ ਚਰਨਜੀਤ ਸਿੰਘ ਚੰਨੀ, ਮਾਰਕੀਟ ਕਮੇਟੀ ਗੜ੍ਹਸ਼ੰਕਰ ਦੇ ਚੇਅਰਮੈਨ ਬਲਦੀਪ ਸਿੰਘ ਸੈਣੀ, ਐਮ.ਸੀ. ਪ੍ਰਿੰਸ਼ ਚੌਧਰੀ, ਬਲਾਕ ਪ੍ਰਧਾਨ ਗੁਲਸ਼ਨ ਠਾਕੁਰ, ਸਮੂਹ ਗ੍ਰਾਮ ਪੰਚਾਇਤਾਂ ਦੇ ਨੁਮਾਇੰਦੇ, ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ, ਸਮਾਜ ਸੇਵੀ, ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।

# ਸੀਵਰੇਜ ਬੋਰਡ ਦੇ ਆਊਟ ਸੋਰਸ ਕਾਮੇ ਕਿਰਤ ਕਾਨੂੰਨ ਲਾਗੂ ਕਰਵਾਉਣ ਲਈ 2 ਅਗਸਤ ਨੂੰ ਕਿਰਤ ਮੰਤਰੀ ਸੌਂਦ ਦੀ ਕੋਠੀ ਸ਼ਹਿਰ ਖੰਨਾ ਵਿਚ ਦੇਣਗੇ ਧਰਨਾ

**ਨਵਾਂਸ਼ਹਿਰ (ਮਨੋਰੰਜਨ ਕਾਲੀਆ)** ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਆਊਟ ਸੋਰਸਿਸ ਮੁਲਾਜ਼ਮਾਂ ਵੱਲੋਂ ਕਿਰਤ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਦੀ ਕੋਠੀ ਸਨ ਸਿਟੀ ਖੰਨਾ ਵਿਖੇ ਆਪਣੇ ਪਰਿਵਾਰਾਂ ਤੇ ਬੱਚਿਆਂ ਸਮੇਤ 2 ਅਗਸਤ ਧਰਨਾ ਦੇਣ ਦਾ ਐਲਾਨ ਕੀਤਾ ਹੈ। ਪੰਜਾਬ ਵਾਟਰ ਤੇ ਸੀਵਰੇਜ ਬੋਰਡ ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ, ਗਗਨਦੀਪ ਸਿੰਘ ਸੁਨਾਮ, ਗੁਰਵਿੰਦਰ ਸਿੰਘ ਧਾਲੀਵਾਲ, ਯਾਦਵਿੰਦਰ ਸਿੰਘ ਯਾਦੀ, ਪ੍ਰਦੀਪ ਸਿੰਘ ਅਤੇ ਕਰਨੈਲ ਸਿੰਘ ਫਤਿਹਗੜ੍ਹ ਸਾਹਿਬ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਅੰਦਰ ਪਿਛਲੇ ਲੰਮੇ ਸਮੇਂ ਤੋਂ ਨਿਗੂਣੀਆ ਤਨਖਾਹਾਂ ਤੇ ਕੰਮ ਕਰਦੇ ਆ ਰਹੇ ਹਨ ਉਹਨਾਂ ਕਿਹਾ ਕਿ ਸੀਵਰੇਜ ਬੋਰਡ ਦੇ ਅੰਦਰ ਵੱਖ-ਵੱਖ ਠੇਕੇਦਾਰਾਂ ਕੰਪਨੀਆਂ ਸੋਸਾਇਟੀਆਂ ਵੱਲੋਂ ਆਊਟਸੋਰਸ ਮੁਲਾਜ਼ਮਾਂ ਦੀ ਵੱਡੇ ਪੱਧਰ ਤੇ ਆਰਥਿਕ ਲੁੱਟ ਹੋ ਰਹੀ ਹੈ।ਉਹਨਾਂ ਕਿਹਾ ਜਥੇਬੰਦੀ ਵੱਲੋਂ ਸੈਂਕੜੇ ਵਾਰ ਲੇਬਰ ਕਮਿਸ਼ਨਰ ਪੰਜਾਬ ਅਤੇ ਸੀਵਰੇਜ ਬੋਰਡ ਉੱਚ ਅਧਿਕਾਰੀਆਂ ਨੂੰ ਲਿਖਤੀ ਪੱਤਰਾਂ ਰਾਹੀਂ ਵੀ ਕਿਰਤ ਕਾਨੂੰਨ ਲਾਗੂ ਕਰਨ ਦੀ ਗੱਲ ਆਖੀ ਗਈ ਹੈ। ਬਹੁਤ




ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕਿਸੇ ਵੀ ਅਧਿਕਾਰੀ ਨੇ ਕੋਈ ਸੁਣਵਾਈ ਨਹੀਂ ਕੀਤੀ ਇੱਥੇ ਹੀ ਵੱਸ ਨਹੀਂ ਆਗੂਆਂ ਨੇ ਕਿਹਾ ਕਿ ਜਥੇਬੰਦੀ ਵੱਲੋਂ ਕਿਰਤ ਮੰਤਰੀ ਤਰਨਪ੍ਰੀਤ ਸਿੰਘ ਸੌਂਧ ਨੂੰ ਵੀ ਇਸ ਬਾਰੇ ਚਿੱਠੀ ਪੱਤਰਾਂ ਰਾਹੀਂ ਜਾਣੂ ਕਰਵਾਇਆ ਜਾ ਚੁੱਕਾ ਹੈ ਉਨਾਂ ਦੇ ਕਿਰਤ ਮੰਤਰੀ ਹੋਣ ਦੇ ਬਾਵਜੂਦ ਵੀ ਪੰਜਾਬ ਦੇ ਅੰਦਰ ਸੀਵਰੇਜ ਬੋਰਡ ਦੇ ਕੱਚੇ ਕਾਮਿਆਂ ਦੀ ਲੁੱਟ ਰਹੀ ਹੈ ਉਹਨਾਂ ਕਿਹਾ ਸੀਵਰੇਜ ਬੋਰਡ ਅੰਦਰ ਕਿਰਤ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਨਿਗੂਣੀਆਂ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ। ਵਰਕਰਾਂ ਦਾ ਈ,ਪੀ,ਐਫ, ਫੰਡ ਅਤੇ ਈ,ਐਸ,ਆਈ,ਕੱਟ ਲਿਆ ਜਾਂਦਾ ਹੈ। ਪਰ ਠੇਕੇਦਾਰਾਂ ਵੱਲੋਂ ਫੰਡ ਜਮਾ ਨਹੀਂ ਕਰਵਾਇਆ ਜਾਂਦਾ। ਕਈ ਠੇਕੇਦਾਰਾਂ ਵੱਲੋਂ ਕਿਰਤ ਮੰਤਰੀ ਦੇ ਆਪਣੇ ਜਿਲ੍ਹੇ ਦੇ ਵਿੱਚ ਹੀ ਤਿੰਨ ਤਿੰਨ ਮਹੀਨੇ ਦੀ ਤਨਖਾਹ ਦਿੱਤੀ ਹੀ ਨਹੀਂ ਗਈ ਜਿਸਦੇ ਜਥੇਬੰਦੀ ਕੋਲ ਸਬੂਤ ਹਨ।ਕਿਸੇ ਵਰਕਰ ਨੂੰ ਈ ਐਸ,ਆਈ, ਕਾਰਡ ਰਾਹੀਂ ਮੈਡੀਕਲ ਸਹੂਲਤ, ਲੇਬਰ ਵੈਲਫੇਅਰ ਫੰਡ, ਹਰ ਇੱਕ ਵਰਕਰ ਦਾ ਬਣਦਾ ਬੋਨਸ ਵੀ ਅੱਜ ਤੱਕ ਨਹੀਂ ਦਿੱਤਾ ਗਿਆ ਜਿਸ ਦੇ ਰੋਸ ਵਜੋਂ ਸੀਵਰੇਜ ਫੂਡ ਤੇ ਕੱਚੇ ਕਾਮਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ। ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਉਹ ਦੋ ਅਗਸਤ ਨੂੰ ਆਪਣੇ ਪਰਿਵਾਰਾਂ ਤੇ ਬੱਚਿਆਂ ਸਮੇਤ ਕਿਰਤ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਦੀ ਕੋਠੀ ਅੱਗੇ ਧਰਨਾ ਦੇਣਗੇ ਜਿਸ ਦੀ ਸਾਰੀ ਜਿੰਮੇਵਾਰੀ ਪ੍ਰਸ਼ਾਸਨ ਅਤੇ ਕਿਰਤ ਮੰਤਰੀ ਦੀ ਹੋਵੇਗੀ। ਇਸ ਮੌਕੇ ਜਿਲ੍ਹਾ ਪ੍ਰਧਾਨ ਮੇਜਰ ਸਿੰਘ ਨਵਾਂ ਸ਼ਹਿਰ ਜ਼ਿਲ੍ਹਾ ਪ੍ਰਧਾਨ ,ਜਤਿੰਦਰ ਸਿੰਘ ਲੁਧਿਆਣਾ, ਕੁਲਦੀਪ ਸਿੰਘ ਜਿਲ੍ਹਾ ਪ੍ਰਧਾਨ ਫਤਿਹਗੜ੍ਹ ਸਾਹਿਬ, ਗਗਨਦੀਪ ਸ਼ਰਮਾ ਆਦਿ ਹਾਜ਼ਰ ਸਨ।

# ਪਹਿਲੇ ਨੰਬਰ ਤੇ ਆਉਣ ਦੀ ਦੌੜ 'ਚ ਐੱਸ. ਡੀ. ਐੱਮ ਬਲਾਚੌਰ ਨੇ ਬੂਥ ਲੈਵਲ ਅਫਸਰਾਂ ਨੂੰ ਕੀਤਾ ਪ੍ਰੇਸ਼ਾਨ

## " ਐੱਸ. ਡੀ.ਐੱਮ.ਦਫ਼ਤਰ ਦਾ ਕਲਰਕ ਬੀ. ਐੱਲ. ਓ. ਨੂੰ ਫੋਨ ਕਰਕੇ ਮਾਰ ਰਿਹਾ ਹੈ ਦਬਕੇ"

**ਬਲਾਚੌਰ 18 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਵਿਚ ਵੋਟਾਂ ਦੀ ਗਹਿਰੀ ਸੁਧਾਈ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ, ਜਿਸ ਨੂੰ ਨੇਪਰੇ ਚਾੜਨ ਲਈ ਚੋਣ ਕਮਿਸ਼ਨ ਵਲੋਂ ਵੱਡੀ ਗਿਣਤੀ 'ਚ ਅਧਿਆਪਕਾਂ ਨੂੰ ਬੀ. ਐੱਲ. ਓ. ਲਗਾਇਆ ਹੋਇਆ ਹੈ। ਅਧਿਆਪਕ 24 ਜੂਨ ਤੋਂ ਸਕੂਲਾਂ ਤੋਂ ਫਾਰਗ ਹੋ ਕੇ ਇਸ ਗਹਿਰੀ ਸੁਧਾਈ ਦੇ ਕੰਮ ਨੂੰ ਦਿਨ ਰਾਤ ਕਰਕੇ ਪੂਰਾ ਕਰਨ ਵਿਚ ਲੱਗੇ ਹੋਏ ਹਨ। ਪਰ ਬਲਾਚੌਰ ਤਹਿਸੀਲ ਵਿਚ ਐੱਸ. ਡੀ. ਐੱਮ. ਵਲੋਂ ਇਸ ਕੰਮ ਨੂੰ ਜਲਦੀ ਪੂਰਾ ਕਰਵਾ ਕੇ ਬਲਾਚੌਰ ਨੂੰ ਪਹਿਲੇ ਨੰਬਰ 'ਤੇ ਲਿਆਉਣ ਦੇ ਚੱਕਰ ਵਿਚ ਬੀ. ਐੱਲ. ਓ. ਤੇ ਬੇਲੋੜਾ ਦਬਾਅ ਬਣਾ ਕੇ ਫਾਰਮ ਡਿਜੀਟਾਈਜ਼ ਕਰਵਾਏ ਜਾ ਰਹੇ ਹਨ। ਮਾਨਸਿਕ ਤੌਰ ਤੇ ਦਬਾਅ ਝੱਲ ਰਹੇ ਬੂਥ ਲੈਵਲ ਅਫਸਰਾਂ ਨੇ ਦੱਸਿਆ ਕਿ ਉਹਨਾਂ ਵਲੋਂ ਆਪਣੇ ਆਪਣੇ ਬੂਥ ਦੇ ਕੰਮ ਲਗਭਗ ਪੂਰਾ ਕਰਨ ਦੇ ਨੇੜੇ ਪੁੱਜ ਚੁੱਕੇ ਹਨ, ਪਰ ਗਰਾਉਂਡ ਲੈਵਲ ਤੇ ਆ ਰਹੀਆਂ ਸਮੱਸਿਆਵਾਂ ਜਿਵੇਂ ਕੁੱਝ ਵੋਟਰਾਂ ਵਲੋਂ ਆਪਣੀਆਂ ਫੋਟੋਆਂ ਨਾਂ ਦੇਣ, ਕੁੱਝ ਵੋਟਰਾਂ ਦਾ ਡਾਟਾ ਨਾਂ ਮਿਲਣ ਜਾਂ ਕੁੱਝ ਵੋਟਰ ਹੋਰ ਕਿੱਤੇ ਰਹਿਣ ਆਦਿ ਕਾਰਨਾਂ ਕਰਕੇ ਅਜੇ ਤੱਕ ਕੰਮ ਸੌ ਫੀਸਦੀ ਪੂਰਾ ਨਹੀਂ ਕਰ ਸਕੇ। ਇਹਨਾਂ ਸਮੱਸਿਆਵਾਂ ਨੂੰ ਮੁੱਖ ਰੱਖਦਿਆਂ ਪੰਜਾਬ ਦੇ ਮੁੱਖ ਚੋਣ ਕਮਿਸ਼ਨ ਵਲੋਂ ਐੱਸ.ਆਈ. ਆਰ ਦੇ ਕੰਮ ਦੀ ਮਿਆਦ 24 ਜੁਲਾਈ ਤੋਂ ਵਧਾ ਕੇ 3 ਅਗਸਤ ਕਰ ਦਿੱਤੀ ਗਈ ਹੈ, ਪਰ ਬਲਾਚੌਰ ਦੇ ਅਧਿਕਾਰੀ ਇਹਨਾਂ ਨਿਰਦੇਸ਼ਾਂ ਨੂੰ ਟਿੱਚ ਜਾਣ ਕੇ ਆਪਣੇ ਆਪ ਨੂੰ ਪਹਿਲੇ ਨੰਬਰ ਤੇ ਲਿਆਉਣ ਲਈ ਬੂਥ ਲੈਵਲ ਅਫਸਰਾਂ ਨੂੰ ਤੁਰੰਤ ਕੰਮ ਪੂਰਾ ਕਰਨ ਲਈ ਦਬਾਅ ਬਣਾ ਰਹੇ ਹਨ। ਐੱਸ. ਡੀ. ਐੱਮ. ਦਫ਼ਤਰ ਦਾ ਕਲਰਕ ਜੋ ਆਪਣੇ ਆਪ ਨੂੰ ਡਿਪਟੀ ਕਮਿਸ਼ਨਰ ਸਮਝ ਕੇ ਬੂਥ ਲੈਵਲ ਅਫਸਰਾਂ ਨੂੰ ਫੋਨ ਕਰਕੇ ਬਦਤਮੀਜ਼ੀ ਨਾ਼ਲ ਗੱਲ ਕਰਦਾ ਹੈ, ਜਦਕਿ ਬੂਥ ਲੈਵਲ ਅਫਸਰਾਂ ਵਿਚ ਜਿਆਦਾਤਰ ਸਿੱਖਿਆ ਵਿਭਾਗ ਦੇ ਅਧਿਆਪਕ ਸੇਵਾਵਾਂ ਦੇ ਰਹੇ ਹਨ। ਅਧਿਆਪਕਾਂ ਨੂੰ ਸਮਾਜ ਦੇ ਨਿਰਮਾਤਾ ਸਮਝਿਆ ਜਾਂਦਾ ਹੈ ਤੇ ਸਮਾਜ ਵੀ ਅਧਿਆਪਕਾਂ ਦੇ ਅਹੁਦੇ ਨੂੰ ਸਨਮਾਨਯੋਗ ਸਮਝਦੇ ਹਨ ਪਰ ਇੱਕ ਕਲਰਕ ਵਲੋਂ ਆਪਣੀ ਹੋ ਰਹੀ ਬੇਇੱਜਤੀ ਕਾਰਨ ਅਧਿਆਪਕ ਵਰਗ ਵਿਚ ਵੱਡੀ ਨਿਰਾਸ਼ਾ ਪਾਈ ਜਾ ਰਹੀ ਹੈ। ਉਹਨਾਂ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਉਹਨਾਂ ਤੇ ਐੱਸ. ਆਈ. ਆਰ ਦੇ ਕੰਮ ਦਾ ਵਾਧੂ ਬੋਝ ਨਾਂ ਪਾਇਆ ਜਾਵੇ ਉਹ ਚੋਣ ਕਮਿਸ਼ਨ ਵਲੋਂ ਨਿਰਧਾਰਿਤ ਕੀਤੇ ਸਮੇਂ ਅੰਦਰ ਆਪਣਾ ਕੰਮ ਪੂਰਾ ਕਰ ਲੈਣਗੇ ਤੇ ਕਲਰਕ ਵਲੋਂ ਕੀਤੀ ਜਾ ਰਹੀ ਬਦਤਮੀਜ਼ੀ ਨੂੰ ਬੰਦ ਕਰਵਾ ਕੇ ਉਸ ਦਾ ਤਬਾਦਲਾ ਕੀਤਾ ਜਾਵੇ। ਜੇਕਰ ਅਜਿਹਾ ਨਾਂ ਕੀਤਾ ਗਿਆ ਤਾਂ ਬੂਥ ਲੈਵਲ ਅਫਸਰਾਂ ਤੇ ਅਧਿਆਪਕਾਂ ਵਲੋਂ ਇਸ ਦੇ ਵਿਰੋਧ ਵਿਚ ਜਲਦ ਹੀ ਧਰਨਾ ਦਿੱਤਾ ਜਾਵੇਗਾ।ਜਦੋਂ ਇਸ ਸਬੰਧੀ ਕਲਰਕ ਮਨਜਿੰਦਰ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਮੈਂ ਕਿਸੇ ਬੀ ਐਲ ਓ ਨੂੰ ਫੋਨ ਤੇ ਕੋਈ ਦਬਕਾ ਨਹੀਂ ਮਾਰਿਆ ਉਨ੍ਹਾਂ ਤੋਂ ਕਾਲ ਰਿਕਾਰਡ ਪਤਾ ਕਰਵਾ ਲਿਆ ਜਾਵੇ ਙ ਜਦੋਂ ਇਸ ਸਬੰਧੀ ਐਸ ਡੀ ਐਮ ਬਲਾਚੌਰ ਸੁਨੀਲ ਫੋਗਾਟ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਕਿਸੀ ਬੀ ਐਲ ਓ ਤੇ ਕੋਈ ਦਬਾਅ ਨਹੀਂ ਪਾਇਆ ਜਾ ਰਿਹਾ ਙਫੋਨ ਜਾਂ ਮੈਸਜ ਕਰਕੇ ਰੁਟੀਨ ਅਪਡੇਟ ਲਈ ਜਾ ਰਹੀ ਹੈ ਜੋ ਹੋਲੀ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਪੁੱਛਿਆ ਜਾ ਰਿਹਾ ਹੈ ਕਿ ਕੰਮ ਹੋਲੀ ਕਿਉਂ ਕਰ ਰਹੇ ਹੋ ਕਿਸੇ ਨਾਲ ਕੋਈ ਬਦਤਮੀਜ਼ੀ ਜਾ ਪ੍ਰੇਸ਼ਾਨ ਨਹੀਂ ਕੀਤਾ ਜਾ ਰਿਹਾ।

# ਕਾਰ ਦਾ ਸਤੁੰਨਲ ਵਿਗੜਨ ਨਾਲ ਕਾਰ ਬੈਕਾਬੂ ਹੋ ਕੇ ਪਲਟੀਆਂ ਖਾਂਦੀ ਹੋਈ ਖਤਾਨਾਂ ਵਿੱਚ ਜਾ ਡਿੱਗੀ

## ਕਾਰ ਸਵਾਰ ਲੜਕੀ ਜ਼ਖ਼ਮੀ, ਜਾਨੀ ਨੁਕਸਾਨ ਦਾ ਬਚਾਅ, ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ

**ਬਲਾਚੌਰ 18 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਪੁੱਲ ਸੁੱਜੋਂਵਾਲ ਦੇ ਸਾਹਮਣੇ ਰਾਜਨ ਢਾਬੇ ਦੇ ਕੋਲ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਪ੍ਰਵੀਨ ਕੁਮਾਰ ਨੇ ਕਿ ਉਨ੍ਹਾਂ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਕਿ ਐਕਸੀਡੈਂਟ ਹੋ ਗਿਆ ਤਾਂ ਉਨਾਂ ਨੇ ਤਰੁੰਤ ਜਾ ਕੇ ਦੇਖਿਆ ਕਿ ਇੱਕ ਸਵਿਫਟ ਡਿਜਾਇਰ ਕਾਰ ਜਿਸ ਦਾ ਨੰਬਰ ਪੀ ਬੀ 01ਈ2640 ਜਿਸ ਨੂੰ ਅਮਨਦੀਪ ਸਿੰਘ ਪੁੱਤਰ ਸ਼ੇਰ ਸਿੰਘ ਪਤਾ ਮੁਸਾਪੁਰ ਰੋਡ ਸੰਤ ਨਗਰ



ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਚਲਾ ਰਿਹਾ ਸੀ ਜਦੋਂ ਇਹ ਉਪਰੋਕਤ ਸਥਾਨ ਤੇ ਪਹੁੰਚੀਆਂ ਤਾਂ ਅਚਾਨਕ ਕਾਰ ਸੰਤੁਲਨ ਵਿਗੜ ਗਿਆ ਜਿਸ ਨਾਲ ਕਾਰ ਬੈਕਾਬੂ ਹੋ ਕੇ ਪਲਟੀਆਂ ਖਾਂਦੀ ਹੋਈ ਖਤਾਨਾਂ ਵਿੱਚ ਜਾ ਡਿੱਗੀ ਹਾਦਸੇ ਕਾਰ ਚਾਲਕ ਦਾ ਵਾਲ ਵਾਲ ਬਚਾਅ ਹੋ ਗਿਆ ਕਾਰ ਸਵਾਰ ਲੜਕੀ ਵਿਸ਼ਾਲੀ ਸਪੁੱਤਰੀ ਹਰਮੇਸ਼ ਲਾਲ ਪਿੰਡ ਬਹਿਰਾਮ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਜਖ਼ਮੀ ਹੋ ਗਈ ਜਿਸ ਨੂੰ ਨੈਸ਼ਨਲ ਹਾਈਵੇ ਅਥਾਰਟੀ ਦੀ ਐਂਬੂਲੈਂਸ ਦੀ ਮਦਦ ਨਾਲ ਇਲਾਜ ਲਈ ਬਲਾਚੌਰ ਦੇ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਪ੍ਰਵੀਨ ਕੁਮਾਰ ਵਲੋਂ ਸਿਟੀ ਥਾਣਾ ਬਲਾਚੌਰ ਅਤੇ ਕੰਟ੍ਰੋਲਰ ਰੂਮ ਨਵਾਂਸ਼ਹਿਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

# ਵਿਸ਼ੇਸ ਗਹਿਰੀ ਸੁਧਾਈ(ਐਸ.ਆਈ.ਆਰ) ਸਬੰਧੀ ਵਿਜੇ ਕੁਮਾਰ ਬੀ.ਐਲ.ਓ ਨੂੰ ਮੁੱਖ ਚੋਣ ਅਫਸ਼ਰ ਵਲੋਂ ਪ੍ਰਸੰਸਾ ਪੱਤਰ ਭੇਜਿਆ

**ਨਵਾਂਸ਼ਹਿਰ 18 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਭਾਰਤ ਚੋਣ ਕਮਿਸ਼ਨ ਵਲੋਂ ਪੰਜਾਬ ਵਿੱਚ ਕਰਵਾਈ ਜਾ ਰਹੀ ਵਿਸ਼ੇਸ਼ ਗਹਿਰੀ ਸੁਧਾਈ(ਐਸ.ਆਈ.ਆਰ) ਸਬੰਧੀ 100 ਫੀਸਦੀ ਟੀਚਾ ਪ੍ਰਾਪਤ ਕਰਨ ਤੇ ਤਹਿਸੀਲ ਬਲਾਚੌਰ ਵਿਚੋਂ ਪਹਿਲਾਂ ਤੇ ਜਿਲ੍ਹੇ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕਰਨ ਤੇ ਵਿਜੇ ਕੁਮਾਰ ਬੂਥ ਲੈਵਲ ਅਫਸਰ ਕੁੱਲਪੁਰ ਨੂੰ ਪੰਜਾਬ ਮੁੱਖ ਚੋਣ ਅਫਸਰ ਅਨਦਿੱਤਾ ਮਿੱਤਰ ਵਲੋਂ ਸਨਮਾਨ ਪੱਤਰ ਭੇਜ ਕੇ ਸਨਮਾਨਿਤ ਕੀਤਾ।ਮੁੱਖ ਚੋਣ ਅਫਸਰ ਪੰਜਾਬ ਵਲੋਂ



ਭੇਜਿਆ ਪ੍ਰਸੰਸਾ ਪੱਤਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵਲੋਂ ਦਿੱਤਾ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵਲੋਂ ਮਾਸਟਰ ਵਿਜੇ ਕੁਮਾਰ ਨੂੰ ਮੁਬਾਰਕਵਾਦ ਦਿੰਦੇ ਹੋਏ ਕਿਹਾ ਕਿ ਇਹ ਸਨਮਾਨ ਉਹਨਾਂ ਦੀ ਮਿਹਨਤ ਕਰਕੇ ਮਿਲਿਆ ਹੈ ਉਹਨਾਂ ਬਾਕੀ ਬੀ.ਐਲ.ਓ ਨੂੰ ਅਪੀਲ ਕੀਤੀ ਕਿ ਉਹ ਵੀ ਜਲਦੀ ਆਪਣਾ ਟੀਚਾ ਪੂਰਾ ਕਰਕੇ ਜਿਲ੍ਹਾ ਦਾ ਨਾਂ ਰੌਸ਼ਨ ਕਰਨ।ਇਸ ਮੌਕੇ ਉਹਨਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ ਤੇ ਹੋਰ ਅਧਿਕਾਰੀ ਵੀ ਹਾਜਰ ਸਨ।

# ਹਰਸ਼ਦੀਪ ਸਿੰਘ ਬਣਿਆ ਹੈਡ ਬੁਆਏ, ਐਂਜਲ ਬਣੀ ਹੈਡ ਗਰਲ

**●ਕੇਸੀ ਪਬਲਿਕ ਸਕੂਲ ’ਚ ਅਨੁਸ਼ਾਸਨ ਅਤੇ ਭਾਈਚਾਰੇ ਦੀ ਮਿਸਾਲ ਕਾਇਮ ਰੱਖੇਣਗੇ - ਅਸ਼ਵਨੀ ਦੱਤਾ ●ਕੇਸੀ ਸਕੂਲ ’ਚ ਇਨਵੈਸਟੀਚਰ ਸੇਰੇਮਨੀ-2026 ਦਾ ਆਯੋਜਨ**

**ਨਵਾਂਸ਼ਹਿਰ, 18 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਕਰਿਆਮ ਰੋਡ ’ਤੇ ਸੱਥਿਤ ਕੇਸੀ ਪਬਲਿਕ ਸਕੂਲ ਨੇਚੰਗੇ ਅਨੁਸ਼ਾਸਨ, ਡਿਊਟੀ, ਵਫ਼ਾਦਾਰੀ ਅਤੇ ਸਕੂਲ ਦੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ 2026-27 ਲਈ ਹੈਡ ਬੁਆਏ ਅਤੇ ਹੈੱਡ ਗਰਲ ਦੇ ਨਾਲ 4 ਹਾਊਸ ਕਲਾਸਾਂ ਲਈ ਇਨਵੈਸਟੀਚਰ ਸੇਰੇਮਨੀ -2026 ਕਰਵਾਈ ਗਈ। ਇਸ ਸਾਦੇ ਸਮਾਗਮ ’ਚ ਕੇਸੀ ਗਰੁੱਪ ਦੇ ਸੀਈਓ (ਗਰੁਪ ਕੈਪਟਨ) ਅਸ਼ਵਨੀ ਦੱਤਾ ਅਤੇ ਸਾਰਾ ਸਟਾਫ ਮੌਜੂਦ ਹੋਇਆ ਸਕੂਲ ਦੇ ਪ੍ਰਿੰਸੀਪਲ ਰੰਜਨਾ ਖੰਨਾ ਅਤੇ ਸੀਈਓ ਅਸ਼ਵਨੀ ਦੱਤਾ ਨੇ ਕਿਹਾ ਕਿ ਕੇਸੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਦੀ ਇਹ ਟੀਮ ਅਨੁਸ਼ਾਸਨ, ਡਿਊਟੀ, ਵਫ਼ਾਦਾਰੀ ਅਤੇ ਭਾਈਚਾਰੇ ਦੀ ਮਿਸਾਲ ਕਾਇਮ ਰੱਖਣਗੇ। ਇੱਕ ਚੰਗੇ ਅਧਿਆਪਕ ਵਾਂਗ, ਉਹ ਛੋਟੇ ਬੱਚਿਆਂ ਨੂੰ ਪਿਆਰ ਕਰਣਗੇ ਅਤੇ ਵੱਡਿਆਂ ਦਾ ਸਤਿਕਾਰ ਕਰਣਗੇ। ਸਾਨੂੰ ਹਮੇਸ਼ਾ ਦੂਜਿਆਂ ਦੀ ਮਦਦ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਮਨੁੱਖ ਦਾ ਭਵਿੱਖ ਅਨੁਸ਼ਾਸਨ, ਡਿਊਟੀ, ਵਫ਼ਾਦਾਰੀ ਅਤੇ ਸਮਰਪਣ ’ਚ ਹੈ। ਇਸ ਦੌਰਾਨ ਪਲੱਸ ਟੂ ਦੇ ਹਰਸ਼ਦੀਪ ਸਿੰਘ ਨੂੰ ਸਕੂਲ ਹੈਡ ਬੁਆਏ ਅਤੇ ਏਂਜਲ ਨੂੰ ਸਕੂਲ ਹੈਡ ਗਰਲ ਚੁਣਿਆ ਗਿਆ। ਡਿਊਟੀ ਕਰਨ ਵਾਲੇ ਵਿਦਿਆਰਥੀਆਂ ਨੂੰ ਬੈਜ ਲਗਾ ਕੇ ਨਿਯਮਾਂ ਦੀ ਪਾਲਣਾ ਕਰਨ, ਸਕੂਲ ਅਤੇ



ਸਕੂਲ ਵਿਖੇ ਸੀਈਓ ਅਸ਼ਵਨੀ ਦੱਤਾ ਹੋਰ ਸਟਾਫ ਦੇ ਨਾਲ ਸੇਰੇਮਨੀ ਦੋਰਾਨ ਚੁਣੀ ਗਈ ਟੀਮ।

ਅਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਨ ਅਤੇ ਆਪਣੀ ਜ਼ਿੰਦਗੀ ਭਰ ਅਨੁਸ਼ਾਸਨ ਅਤੇ ਡਿਊਟੀ ਦੀ ਪਾਲਣਾ ਕਰਨ ਦੀ ਸਹੁੰ ਚੁਕਾਈ ਗਈ। ਸਾਰਿਆਂ ਨੂੰ ਸਕੂਲ ਸਮੇਂ ਦੌਰਾਨ ਨਿਭਾਉਣ ਵਾਲੇ ਫਰਜ਼ਾਂ, ਖੇਡਾਂ ਅਤੇ ਹੋਰ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੇ ਨਾਲ ਸਹਿਜਵੀਰ ਢਿਲੋਂ ਨੂੰ ਮੁਖੀ ਕਾਰਪੋਰੇਟ ਫਾਰਮਿੰਗ ਲਈ ਚੁਣਿਆ ਗਿਆ, ਸ਼ਰਿਆ ਨੂੰ ਵਾਤਾਵਰਣ ਮੁਖੀ ਵਜੋਂ ਚੁਣਿਆ ਗਿਆ, ਉਨ੍ਹਾਂ ਦੇ ਨਾਲ, ਹਾਊਸ ਵਾਈਜ਼ ਐਮਰਾਲਡ ਹਾਊਸ ਦੇ ਕੈਪਟਨ ਜਸਮੀਨ ਨੂੰ ਅਤੇ ਵਾਇਸ ਕੈਪਟਨ ਨੀਰਜਾਰਾ, , ਰੂਬੀ ਹਾਊਸ ਦੇ ਲਈ ਕੈਪਟਨ ਮਨਪ੍ਰੀਤ ਨੂੰ ਅਤੇ ਵਾਇਸ ਕੈਪਟਨ ਗੁਰਸ਼ਾਨ ਨੂੰ ਚੁਣਿਆ ਗਿਆ, ਟੋਪਾਜ਼ ਹਾਊਸ ਦੀ ਕੈਪਟਨ ਐਨਾ ਨੂੰ ਅਤੇ ਵਾਇਸ ਕੈਪਟਨ ਸਮਿੱਕਸ਼ਾ ਨੂੰ ਚੁਣਿਆ ਗਿਆ। ਸੈਫਾਇਰ ਹਾਊਸ ਦੇ ਲਈ ਕੈਪਟਨ ਕਿਰਨਪ੍ਰੀਤ ਕੌਰ ਨੂੰ ਅਤੇ ਵਾਇਸ ਕੈਪਟਨ ਮਨਵੀਰ ਨੂੰ ਚੁਣਿਆ ਗਿਆ। ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਸੀਈਓ ਅਤੇ ਸਟਾਫ ਵਲੋਂ ਬੈਜ ਅਤੇ ਉਨ੍ਹਾਂ ਦੇ ਗਲੇ ਦੇ ਲਈ ਸੈਸ਼ੇ ਟਾਈ ਪਹਿਨਾਈ ਗਈ। ਚੇਅਰਮੈਨ ਪ੍ਰੇਮ ਪਾਲ ਗਾਂਧੀ ਨੇ ਸਾਰੇ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਪ੍ਰੋਗਰਾਮ ਕੋਆਰਡੀਨੇਟਰ ਮੀਨੂੰ ਕੰਡਾ ਨੇ ਸਟੇਜ ਦਾ ਸੰਚਾਲਨ ਬਾਖੂਬੀ ਢੰਗ ਨਾਲ ਕੀਤਾ। ਮੌਕੇ ਤੇ ਹੈਡ ਮਾਸਟਰ ਗੁਰਪਰੀਤ ਸਿੰਘ, ਰਾਜਵੀਰ ਕੌਰ, ਹਿਨਾ ਖੰਨਾ, ਅਮਨਦੀਪ ਕੌਰ ਅਤੇ ਹਰਦੀਪ ਸਿੰਘ ਸੰਧੂ ਸਮੇਤ ਸਮੂਹ ਸਟਾਫ ਮੌਜੂਦ ਰਿਹਾ।

# ਪਿੰਡ ਟੂੰਡੇਵਾਲ ਅਤੇ ਬੇਰਹੜੀ ਵਿਖੇ 'ਆਪ' ਆਗੂ ਅਸ਼ੋਕ ਕਟਾਰੀਆ ਨੇ ਲੋੜਵੰਦਾਂ ਨੂੰ ਵੰਡੀਆਂ ਰਾਸ਼ਨ ਕਿੱਟਾਂ

## ਲੋਕਾਂ ਦੀ ਭਲਾਈ ਅਤੇ ਜ਼ਰੂਰਤਾਂ ਨੂੰ ਮੁੱਖ ਰੱਖਦਿਆਂ ਚੁੱਕਿਆ ਗਿਆ ਇੱਕ ਬੇਹੱਦ ਮਹੱਤਵਪੂਰਨ ਤੇ ਸ਼ਲਾਘਾਯੋਗ ਕਦਮ

**ਬਲਾਚੌਰ /ਕਾਠਗੜ੍ਹ , 18 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਆਮ ਆਦਮੀ ਪਾਰਟੀ (ਆਪ) ਵੱਲੋਂ ਜਨ-ਕਲਿਆਣ ਦੀਆਂ ਨੀਤੀਆਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਦਿਆਂ ਅੱਜ ਹਲਕੇ ਦੇ ਦੋ ਪ੍ਰਮੁੱਖ ਪਿੰਡਾਂ ਵਿੱਚ ਇੱਕ ਵੱਡੀ ਮੁਹਿੰਮ ਚਲਾਈ ਗਈ। ਪਿੰਡ ਟੂੰਡੇਵਾਲ ਅਤੇ ਬੇਰਹੜੀ ਵਿਖੇ ਆਮ ਆਦਮੀ ਪਾਰਟੀ ਦੇ ਸੀਨੀਅਰ ਅਤੇ ਹਰਮਨਪਿਆਰੇ ਆਗੂ ਅਸ਼ੋਕ ਕਟਾਰੀਆ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਰਾਸ਼ਨ ਕਾਰਡ ਧਾਰਕਾਂ ਨੂੰ ਰਾਸ਼ਨ ਕਿੱਟਾਂ ਦੀ ਵੰਡ ਕੀਤੀ ਗਈ। ਪਾਰਟੀ ਵੱਲੋਂ ਚੁੱਕਿਆ ਗਿਆ ਇਹ ਕਦਮ ਇਲਾਕੇ ਦੇ ਲੋਕਾਂ ਦੀ ਭਲਾਈ ਅਤੇ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਮੁਢਲੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਇੱਕ ਬਹੁਤ ਹੀ ਅਹਿਮ ਫੈਸਲਾ ਹੈ।

ਸੀਨੀਅਰ ਲੀਡਰਸ਼ਿਪ ਨੇ ਸਾਂਝੇ ਤੌਰ 'ਤੇ ਸੰਭਾਲਿਆ ਮੋਰਚਾ

ਇਸ ਵਿਸ਼ੇਸ਼ ਮੁਹਿੰਮ ਦੌਰਾਨ ਅਸ਼ੋਕ ਕਟਾਰੀਆ (ਸੀਨੀਅਰ ਆਪ ਆਗੂ) ਦੇ ਨਾਲ ਪਾਰਟੀ



ਦੇ ਸੀਨੀਅਰ ਆਗੂ ਜਸਵੀਰ ਸਿੰਘ ਘੁੰਮਣ ਸਰਪੰਚ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਦੋਵਾਂ ਸੀਨੀਅਰ ਆਗੂਆਂ ਅਤੇ ਦੋਨਾਂ ਪਿੰਡਾਂ ਦੀ ਪੰਚਾਇਤਾਂ ਦੇ ਆਪਸੀ ਤਾਲਮੇਲ ਨਾਲ ਪਿੰਡ ਵਾਸੀਆਂ ਅਤੇ ਰਾਸ਼ਨ ਕਾਰਡ ਧਾਰਕਾਂ ਨਾਲ ਮੁਲਾਕਾਤ ਕੀਤੀ ਅਤੇ ਆਪੋ-ਆਪਣੇ ਹੱਥੀਂ ਉਨ੍ਹਾਂ ਨੂੰ ਰਾਸ਼ਨ ਦੀਆਂ ਕਿੱਟਾਂ ਸੌਂਪੀਆਂ।

ਜਨਤਾ ਦੀ ਸੇਵਾ ਅਤੇ ਲੋਕ ਭਲਾਈ ਨੂੰ ਸਮਰਪਿਤ ਕਦਮ

ਇਸ ਮੌਕੇ ਪਿੰਡ ਵਾਸੀਆਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਆਮ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਅਤੇ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੀ ਉਨ੍ਹਾਂ ਦਾ ਮੁੱਖ ਟੀਚਾ ਹੈ। ਇਹ ਉਪਰਾਲਾ ਸਿਰਫ਼ ਰਾਸ਼ਨ ਵੰਡਣ ਤੱਕ ਸੀਮਤ ਨਹੀਂ ਹੈ, ਬਲਕਿ ਇਹ ਆਮ ਲੋਕਾਂ ਦੀਆਂ ਤਕਲੀਫ਼ਾਂ ਅਤੇ ਉਨ੍ਹਾਂ ਦੀਆਂ ਪਰਿਵਾਰਕ ਜ਼ਰੂਰਤਾਂ ਨੂੰ ਸਮਝਦਿਆਂ, ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਵੱਲ ਵਧਾਇਆ ਗਿਆ ਇੱਕ ਮਹੱਤਵਪੂਰਨ ਕਦਮ ਹੈ।

ਰਾਸ਼ਨ ਕਿੱਟਾਂ ਹਾਸਲ ਕਰਨ ਤੋਂ ਬਾਅਦ ਦੋਵਾਂ ਪਿੰਡਾਂ ਦੀਆਂ ਪੰਚਾਇਤਾਂ ਅਤੇ ਲੋਕਾਂ ਅਤੇ ਰਾਸ਼ਨ ਕਾਰਡ ਧਾਰਕਾਂ ਵੱਲੋਂ ਆਪ ਆਗੂ ਅਸ਼ੋਕ ਕਟਾਰੀਆ ਅਤੇ ਸਰਪੰਚ ਜਸਵੀਰ ਸਿੰਘ ਘੁੰਮਣ ਸਰਪੰਚ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ। ਇਲਾਕਾ ਨਿਵਾਸੀਆਂ ਨੇ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਲੋਕ-ਪੱਖੀ ਫੈਸਲਿਆਂ ਨਾਲ ਆਮ ਜਨਤਾ ਨੂੰ ਬਹੁਤ ਵੱਡੀ ਰਾਹਤ ਮਿਲਦੀ ਹੈ।

# ਗਲਤ ਦਿਸ਼ਾ ਵਲੋਂ ਆ ਰਿਹਾ ਟਰੈਕਟਰ ਟਰਾਲੀ ਦੀ ਕਾਰ ਨਾਲ ਹੋਈ ਸਿੱਧੀ ਟੱਕਰ

**ਬਲਾਚੌਰ 18 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )ਰੋਪੜ੍ਹ** ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਪਿੰਡ ਟੌਂਸਾ ਕੋਲ ਕਾਰ ਅਤੇ ਟਰੈਕਟਰ ਟਰਾਲੀ ਦਾ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਦੀਪ ਕੁਮਾਰ ਨੇ ਦੱਸਿਆ ਰਾਹਗੀਰ ਤੋਂ ਸੂਚਨਾ ਮਿਲੀ ਕਿ ਟੌਂਸਾ ਕੋਲ ਇੱਕ ਐਕਸੀਡੈਂਟ ਹੋ ਗਿਆ ਹੈ ਐਸ ਐਸ ਐਫ ਦੀ ਟੀਮ ਦੇ ਇੰਚਾਰਜ ਏ ਐਸ ਆਈ ਕੁਲਦੀਪ ਕੁਮਾਰ ਨੇ ਤਰੁੰਤ ਮੌਕੇ ਤੇ ਜਾ ਕੇ ਦੇਖਿਆ ਕਿ ਇਕ ਬਲੀਨੋ ਕਾਰ ਜਿਸ ਦਾ ਨੰਬਰ ਪੀ ਬੀ 12ਏ ਕੇ 7678 ਜਿਸ ਨੂੰ ਸੁਖਜਿੰਦਰ ਸਿੰਘ ਪੁੱਤਰ ਲਖਵਿੰਦਰ ਸਿੰਘ ਪਿੰਡ ਭੋਲ ਰੋਪੜ੍ਹ ਚਲਾ ਰਿਹਾ ਸੀ ਜਦੋਂ ਇਹ ਕਾਰ ਟੌਂਸਾ ਅੱਡੇ ਨੇੜੇ ਪਹੁੰਚੀ ਤਾਂ ਗਲਤ ਦਿਸ਼ਾ



ਤੋਂ ਇੱਕ ਟਰੈਕਟਰ ਟਰਾਲੀ ਆ ਰਿਹਾ ਸੀ ਜਿਸ ਨੂੰ ਰਹਿਮ ਅਲੀ ਪੁੱਤਰ ਹਜੂਰ ਦੀਨ ਪਿੰਡ ਬਨਾਂ ਚਲਾਅ ਰਿਹਾ ਸੀ ਜਦੋਂ ਇਹ ਉਪਰੋਕਤ ਸਥਾਨ ਤੇ ਇਹਨਾਂ ਦੀ ਆਪਸ ਵਿੱਚ ਸਿੱਧੀ ਟੱਕਰ ਹੋ ਗਈ ਜਿਸ ਨਾਲ ਕਾਰ ਚਾਲਕ ਸੁਖਜਿੰਦਰ ਸਿੰਘ ਪੁੱਤਰ ਲਖਵਿੰਦਰ ਸਿੰਘ ਪਿੰਡ ਭੋਲ ਰੋਪੜ੍ਹ ਅਤੇ ਉਸ ਦੀ ਕਾਲ ਵਿੱਚ ਬੈਠਾ ਉਸ ਦਾ ਦੂਸਰਾ ਸਾਥੀ ਪਰਗਟ ਸਿੰਘ ਪੁੱਤਰ ਬਹਾਦੁਰ ਸਿੰਘ ਪਿੰਡ ਭੋਲ ਰੋਪੜ੍ਹ ਜਖਮੀ ਹੋ ਗਏ ਜਿੰਨਾ ਨੂੰ ਐਸ ਐਸ ਐਫ ਦੀ ਟੀਮ ਵੱਲੋਂ ਨੈਸ਼ਨਲ ਹਾਈਵੇ ਅਥਾਰਟੀ ਦੀ ਐਂਬੂਲੈਂਸ ਦੀ ਮਦਦ ਨਾਲ ਸਿਵਲ ਹਸਪਤਾਲ ਰੋਪੜ੍ਹ ਵਿਚ ਦਾਖਲ ਕਰਵਾਇਆ ਗਿਆ ਅਤੇ ਨੈਸ਼ਨਲ ਹਾਈਵੇ ਅਥਾਰਟੀ ਦੀ ਰਿਕਵਰੀ ਵੈਨ ਦੀ ਮਦਦ ਨਾਲ ਕਾਰ ਅਤੇ ਟਰੈਕਟਰ ਟਰਾਲੀ ਨੂੰ ਸਾਇਡ ਤੇ ਕਰਵਾਇਆ ਗਿਆ ਅਵਾਜਾਈ ਨੂੰ ਸਚਾਰੂ ਢੰਗ ਨਾਲ ਆਵਾਜਾਈ ਲਈ ਬਹਾਲ ਕਰਵਾਇਆਂ ਗਿਆ। ਹਾਦਸੇ ਵਿੱਚ ਦੋਨੋ ਵਾਹਨ ਬੁਰੀ ਤਰ੍ਹਾਂ ਨਾਲ ਨੁਕਸਾਨੇ ਗਏ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ। ਹਾਦਸੇ ਸਬੰਧੀ ਕੰਟ੍ਰੋਲਰ ਰੂਮ ਨਵਾਂਸ਼ਹਿਰ ਅਤੇ ਆਸਰੋਂ ਚੌਂਕੀ ਵਿਖੇ ਸੂਚਿਤ ਕਰ ਦਿੱਤਾ ਗਿਆ ਹੈ।

# ਪਿੰਡ ਨਿੱਘੀ 'ਆਪ' ਆਗੂ ਅਸ਼ੋਕ ਕਟਾਰੀਆ ਨੇ ਲੋੜਵੰਦਾਂ ਨੂੰ ਵੰਡੀਆਂ ਰਾਸ਼ਨ ਕਿੱਟਾਂ

## ਲੋਕਾਂ ਦੀ ਭਲਾਈ ਅਤੇ ਜ਼ਰੂਰਤਾਂ ਨੂੰ ਮੁੱਖ ਰੱਖਦਿਆਂ ਚੁੱਕਿਆ ਗਿਆ ਇੱਕ ਬੇਹੱਦ ਮਹੱਤਵਪੂਰਨ ਤੇ ਸ਼ਲਾਘਾਯੋਗ ਕਦਮ

**ਬਲਾਚੌਰ /ਕਾਠਗੜ੍ਹ , 18 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਆਮ ਆਦਮੀ ਪਾਰਟੀ (ਆਪ) ਵੱਲੋਂ ਜਨ-ਕਲਿਆਣ ਦੀਆਂ ਨੀਤੀਆਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਦਿਆਂ ਅੱਜ ਹਲਕੇ ਦੇ ਪਿੰਡ ਨਿੱਘੀ ਵਿਖੇ ਇੱਕ ਵੱਡੀ ਮੁਹਿੰਮ ਚਲਾਈ ਗਈ। ਪਿੰਡ ਨਿੱਘੀ ਵਿਖੇ ਆਮ ਆਦਮੀ ਪਾਰਟੀ ਦੇ ਸੀਨੀਅਰ ਅਤੇ ਹਰਮਨਪਿਆਰੇ ਆਗੂ ਅਸ਼ੋਕ ਕਟਾਰੀਆ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਰਾਸ਼ਨ ਕਾਰਡ ਧਾਰਕਾਂ ਨੂੰ ਰਾਸ਼ਨ ਕਿੱਟਾਂ ਦੀ ਵੰਡ ਕੀਤੀ ਗਈ। ਪਾਰਟੀ ਵੱਲੋਂ ਚੁੱਕਿਆ ਗਿਆ ਇਹ ਕਦਮ ਇਲਾਕੇ ਦੇ ਲੋਕਾਂ ਦੀ ਭਲਾਈ ਅਤੇ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਮੁਢਲੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਇੱਕ ਬਹੁਤ ਹੀ ਅਹਿਮ ਫੈਸਲਾ ਹੈ।

ਸੀਨੀਅਰ ਲੀਡਰਸ਼ਿਪ ਨੇ ਸਾਂਝੇ ਤੌਰ 'ਤੇ ਸੰਭਾਲਿਆ ਮੋਰਚਾ

ਇਸ ਵਿਸ਼ੇਸ਼ ਮੁਹਿੰਮ ਦੌਰਾਨ ਅਸ਼ੋਕ ਕਟਾਰੀਆ (ਸੀਨੀਅਰ ਆਪ ਆਗੂ) ਅਤੇ ਡੀਪੂ ਹੋਲਡਰ ਸਤਨਾਮ ਚੋਧਰੀ ਨਿੱਘੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਅਸ਼ੋਕ ਕਟਾਰੀਆ ਵਲੋਂ ਪੰਚਾਇਤ ਦੇ ਆਪਸੀ ਤਾਲਮੇਲ ਨਾਲ ਪਿੰਡ ਵਾਸੀਆਂ ਅਤੇ ਰਾਸ਼ਨ ਕਾਰਡ ਧਾਰਕਾਂ ਨਾਲ ਮੁਲਾਕਾਤ ਕੀਤੀ ਅਤੇ ਆਪੋ-ਆਪਣੇ ਹੱਥੀਂ ਉਨ੍ਹਾਂ ਨੂੰ ਰਾਸ਼ਨ ਦੀਆਂ ਕਿੱਟਾਂ ਸੌਂਪੀਆਂ।

ਜਨਤਾ ਦੀ ਸੇਵਾ ਅਤੇ ਲੋਕ ਭਲਾਈ ਨੂੰ ਸਮਰਪਿਤ ਕਦਮ



ਇਸ ਮੌਕੇ ਪਿੰਡ ਵਾਸੀਆਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਆਮ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਅਤੇ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੀ ਉਨ੍ਹਾਂ ਦਾ ਮੁੱਖ ਟੀਚਾ ਹੈ। ਇਹ ਉਪਰਾਲਾ ਸਿਰਫ਼ ਰਾਸ਼ਨ ਵੰਡਣ ਤੱਕ ਸੀਮਤ ਨਹੀਂ ਹੈ, ਬਲਕਿ ਇਹ ਆਮ ਲੋਕਾਂ ਦੀਆਂ ਤਕਲੀਫ਼ਾਂ ਅਤੇ ਉਨ੍ਹਾਂ ਦੀਆਂ ਪਰਿਵਾਰਕ ਜ਼ਰੂਰਤਾਂ ਨੂੰ ਸਮਝਦਿਆਂ, ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਵੱਲ ਵਧਾਇਆ ਗਿਆ ਇੱਕ ਮਹੱਤਵਪੂਰਨ ਕਦਮ ਹੈ। ਰਾਸ਼ਨ ਕਿੱਟਾਂ ਹਾਸਲ ਕਰਨ ਤੋਂ ਬਾਅਦ ਪਿੰਡ ਨਿੱਘੀ ਦੀ ਪੰਚਾਇਤ ਅਤੇ ਲੋਕਾਂ ਅਤੇ ਰਾਸ਼ਨ ਕਾਰਡ ਧਾਰਕਾਂ ਵੱਲੋਂ ਆਪ ਆਗੂ ਅਸ਼ੋਕ ਕਟਾਰੀਆ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ। ਇਲਾਕਾ ਨਿਵਾਸੀਆਂ ਨੇ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਲੋਕ-ਪੱਖੀ ਫੈਸਲਿਆਂ ਨਾਲ ਆਮ ਜਨਤਾ ਨੂੰ ਬਹੁਤ ਵੱਡੀ ਰਾਹਤ ਮਿਲਦੀ ਹੈ।

# ਸੀਵਰੇਜ ਬੋਰਡ ਦੇ ਆਊਟ ਸੋਰਸ ਕਾਮੇ ਕਿਰਤ ਕਾਨੂੰਨ ਲਾਗੂ ਕਰਵਾਉਣ ਲਈ 2 ਅਗਸਤ ਨੂੰ ਕਿਰਤ ਮੰਤਰੀ ਸੌਂਦ ਦੀ ਕੋਠੀ ਸ਼ਹਿਰ ਖੰਨਾ ਵਿਚ ਦੇਣਗੇ ਧਰਨਾ

**,ਨਵਾਂਸ਼ਹਿਰ 18 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਆਊਟ ਸੋਰਸਿਸ ਮੁਲਾਜ਼ਮਾਂ ਵੱਲੋਂ ਕਿਰਤ ਮੰਤਰੀ ਤਰਨਪ੍ਰੀਤ ਸਿੰਘ ਸੌਦ ਦੀ ਕੋਠੀ ਸਨ ਸਿਟੀ ਖੰਨਾ ਵਿਖੇ ਆਪਣੇ ਪਰਿਵਾਰਾਂ ਤੇ ਬੱਚਿਆਂ ਸਮੇਤ 2 ਅਗਸਤ ਧਰਨਾ ਦੇਣ ਦਾ ਐਲਾਨ ਕੀਤਾ ਹੈ। ਪੰਜਾਬ ਵਾਟਰ ਤੇ ਸੀਵਰੇਜ ਬੋਰਡ ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ, ਗਗਨਦੀਪ ਸਿੰਘ ਸੁਨਾਮ, ਗੁਰਵਿੰਦਰ ਸਿੰਘ ਧਾਲੀਵਾਲ, ਯਾਦਵਿੰਦਰ ਸਿੰਘ ਯਾਦੀ, ਪ੍ਰਦੀਪ ਸਿੰਘ ਅਤੇ ਕਰਨੈਲ ਸਿੰਘ ਫਤਿਹਗੜ੍ਹ ਸਾਹਿਬ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਅੰਦਰ ਪਿਛਲੇ ਲੰਮੇ ਸਮੇਂ ਤੋਂ ਨਿਗੂਣੀਆ ਤਨਖਾਹਾਂ ਤੇ ਕੰਮ ਕਰਦੇ ਆ ਰਹੇ ਹਨ ਉਹਨਾਂ ਕਿਹਾ ਕਿ ਸੀਵਰੇਜ ਬੋਰਡ ਦੇ ਅੰਦਰ ਵੱਖ-ਵੱਖ ਠੇਕੇਦਾਰਾਂ ਕੰਪਨੀਆਂ ਸੋਸਾਇਟੀਆਂ ਵੱਲੋਂ ਆਊਟਸੋਰਸ ਮੁਲਾਜ਼ਮਾਂ ਦੀ ਵੱਡੇ ਪੱਧਰ ਤੇ ਆਰਥਿਕ ਲੁੱਟ ਹੋ ਰਹੀ ਹੈ।ਉਹਨਾਂ ਕਿਹਾ ਜਥੇਬੰਦੀ ਵੱਲੋਂ ਸੈਂਕੜੇ ਵਾਰ ਲੇਬਰ ਕਮਿਸ਼ਨਰ ਪੰਜਾਬ ਅਤੇ ਸੀਵਰੇਜ ਬੋਰਡ ਉੱਚ ਅਧਿਕਾਰੀਆਂ ਨੂੰ ਲਿਖਤੀ ਪੱਤਰਾਂ ਰਾਹੀਂ ਵੀ ਕਿਰਤ ਕਾਨੂੰਨ ਲਾਗੂ ਕਰਨ ਦੀ ਗੱਲ ਆਖੀ ਗਈ ਹੈ।




ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕਿਸੇ ਵੀ ਅਧਿਕਾਰੀ ਨੇ ਕੋਈ ਸੁਣਵਾਈ ਨਹੀਂ ਕੀਤੀ ਇੱਥੇ ਹੀ ਵੱਸ ਨਹੀਂ ਆਗੂਆਂ ਨੇ ਕਿਹਾ ਕਿ ਜਥੇਬੰਦੀ ਵੱਲੋਂ ਕਿਰਤ ਮੰਤਰੀ ਤਰਨਪ੍ਰੀਤ ਸਿੰਘ ਸੌਂਧ ਨੂੰ ਵੀ ਇਸ ਬਾਰੇ ਚਿੱਠੀ ਪੱਤਰਾਂ ਰਾਹੀਂ ਜਾਣੂ ਕਰਵਾਇਆ ਜਾ ਚੁੱਕਾ ਹੈ ਉਨਾਂ ਦੇ ਕਿਰਤ ਮੰਤਰੀ ਹੋਣ ਦੇ ਬਾਵਜੂਦ ਵੀ ਪੰਜਾਬ ਦੇ ਅੰਦਰ ਸੀਵਰੇਜ ਬੋਰਡ ਦੇ ਕੱਚੇ ਕਾਮਿਆਂ ਦੀ ਲੁੱਟ ਰਹੀ ਹੈ ਉਹਨਾਂ ਕਿਹਾ ਸੀਵਰੇਜ ਬੋਰਡ ਅੰਦਰ ਕਿਰਤ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਨਿਗੂਣੀਆਂ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ। ਵਰਕਰਾਂ ਦਾ ਈ.ਪੀ.ਐਫ, ਫੰਡ ਅਤੇ ਈ.ਐਸ.ਆਈ.ਕੱਟ ਲਿਆ ਜਾਂਦਾ ਹੈ। ਪਰ ਠੇਕੇਦਾਰਾਂ ਵੱਲੋਂ ਫੰਡ ਜਮਾ ਨਹੀਂ ਕਰਵਾਇਆ ਜਾਂਦਾ। ਕਈ ਠੇਕੇਦਾਰਾਂ ਵੱਲੋਂ ਕਿਰਤ ਮੰਤਰੀ ਦੇ ਆਪਣੇ ਜਿਲ੍ਹੇ ਦੇ ਵਿੱਚ ਹੀ ਤਿੰਨ ਤਿੰਨ ਮਹੀਨੇ ਦੀ ਤਨਖਾਹ ਦਿੱਤੀ ਹੀ ਨਹੀਂ ਗਈ ਜਿਸਦੇ ਜਥੇਬੰਦੀ ਕੋਲ ਸਬੂਤ ਹਨ।ਕਿਸੇ ਵਰਕਰ ਨੂੰ ਈ ਐਸ,ਆਈ, ਕਾਰਡ ਰਾਹੀਂ ਮੈਡੀਕਲ ਸਹੂਲਤ, ਲੇਬਰ ਵੈਲਫੇਅਰ ਫੰਡ, ਹਰ ਇੱਕ ਵਰਕਰ ਦਾ ਬਣਦਾ ਬੋਨਸ ਵੀ ਅੱਜ ਤੱਕ ਨਹੀਂ ਦਿੱਤਾ ਗਿਆ ਜਿਸ ਦੇ ਰੋਸ ਵਜੋਂ ਸੀਵਰੇਜ ਫੂਡ ਤੇ ਕੱਚੇ ਕਾਮਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ। ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਉਹ ਦੋ ਅਗਸਤ ਨੂੰ ਆਪਣੇ ਪਰਿਵਾਰਾਂ ਤੇ ਬੱਚਿਆਂ ਸਮੇਤ ਕਿਰਤ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਦੀ ਕੋਠੀ ਅੱਗੇ ਧਰਨਾ ਦੇਣਗੇ ਜਿਸ ਦੀ ਸਾਰੀ ਜਿੰਮੇਵਾਰੀ ਪ੍ਰਸ਼ਾਸਨ ਅਤੇ ਕਿਰਤ ਮੰਤਰੀ ਦੀ ਹੋਵੇਗੀ। ਇਸ ਮੌਕੇ ਜਿਲ੍ਹਾ ਪ੍ਰਧਾਨ ਮੇਜਰ ਸਿੰਘ ਨਵਾਂ ਸ਼ਹਿਰ ਜ਼ਿਲ੍ਹਾ ਪ੍ਰਧਾਨ ,ਜਤਿੰਦਰ ਸਿੰਘ ਲੁਧਿਆਣਾ, ਕੁਲਦੀਪ ਸਿੰਘ ਜਿਲ੍ਹਾ ਪ੍ਰਧਾਨ ਫਤਿਹਗੜ੍ਹ ਸਾਹਿਬ, ਗਗਨਦੀਪ ਸ਼ਰਮਾ ਆਦਿ ਹਾਜ਼ਰ ਸਨ।

# ਦੇਸ਼ ਭਰ 'ਚ ਈ-20 ਪੈਟਰੋਲ ਥੋਪਣ ਖ਼ਿਲਾਫ਼ ਬ੍ਰਿਗੇਡੀਅਰ ਰਾਜ ਕੁਮਾਰ ਨੇ ਖੋਲ੍ਹਿਆ ਮੋਰਚਾ; ਪ੍ਰਧਾਨ ਮੰਤਰੀ ਦੇ ਨਾਮ ਪਟੀਸ਼ਨ 'ਤੇ ਹਸਤਾਖਰ ਕਰ ਚੁੱਕੇ ਵੱਡੇ ਸਵਾਲ

## ਕਿਹਾ- ਜਨਤਾ ਦੀ ਆਵਾਜ਼ ਸੁਣਨ ਦੀ ਬਜਾਏ ਜ਼ਬਰਦਸਤੀ ਫੈਸਲੇ ਲਾਗੂ ਕਰ ਰਹੀ ਹੈ ਕੇਂਦਰ ਸਰਕਾਰ

**ਨਵਾਂਸ਼ਹਿਰ , 18 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਦੇਸ਼ ਭਰ ਵਿੱਚ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਈ-20 ਪੈਟਰੋਲ (ਐਥੇਨੌਲ ਬਲੈਂਡਡ ਪੈਟਰੋਲ) ਦੇ ਖ਼ਿਲਾਫ਼ ਹੁਣ ਆਵਾਜ਼ ਹੋਰ ਬੁਲੰਦ ਹੋਣੀ ਸ਼ੁਰੂ ਹੋ ਗਈ ਹੈ। ਇਸੇ ਕੜੀ ਤਹਿਤ ਬਲਾਚੌਰ ਵਿਧਾਨ ਸਭਾ ਆਪ ਦੇ ਸੀਨੀਅਰ ਆਗੂ ਅਤੇ ਚੇਅਰਮੈਨ ਗੁੱਜਰ ਵੈੱਲਫੇਅਰ ਬੋਰਡ ਪੰਜਾਬ ਬ੍ਰਿਗੇਡੀਅਰ ਰਾਜਕੁਮਾਰ ਦੇਸ਼ ਦੇ ਪ੍ਰਧਾਨ ਮੰਤਰੀ ਦਫ਼ਤਰ, ਨਵੀਂ ਦਿੱਲੀ ਦੇ ਨਾਮ ਇੱਕ ਵਿਸ਼ੇਸ਼ ਪਟੀਸ਼ਨ 'ਤੇ ਹਸਤਾਖਰ ਕਰਕੇ ਦੇਸ਼ ਭਰ ਦੇ ਵਾਹਨ ਚਾਲਕਾਂ ਅਤੇ ਆਮ ਜਨਤਾ ਦੇ ਹੱਕ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਵੱਡਾ ਬਿਆਨ ਜਾਰੀ ਕੀਤਾ ਗਿਆ ਹੈ।ਇਸ ਮਸਲੇ 'ਤੇ ਬ੍ਰਿਗੇਡੀਅਰ ਰਾਜਕੁਮਾਰ ਨੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਮੇਂ ਪੂਰੇ ਦੇਸ਼ ਵਿੱਚ ਈ -20 ਪੈਟਰੋਲ ਨੂੰ ਜਬਰੀ ਲਾਗੂ ਕੀਤੇ ਜਾਣ ਖ਼ਿਲਾਫ਼ ਜਨਤਾ ਵਿੱਚ ਭਾਰੀ ਰੋਸ ਅਤੇ ਹਾਹਾਕਾਰ ਮਚੀ ਹੋਈ ਹੈ। ਉਨ੍ਹਾਂ ਅਫ਼ਸੋਸ ਜਤਾਉਂਦਿਆਂ ਕਿਹਾ ਕਿ ਇਹ ਦੇਖ ਕੇ ਬਹੁਤ ਦੁੱਖ ਹੁੰਦਾ ਹੈ ਕਿ ਕੇਂਦਰ ਸਰਕਾਰ ਜਨਤਾ ਦੀ ਆਵਾਜ਼ ਅਤੇ ਉਨ੍ਹਾਂ ਦੀਆਂ ਤਕਲੀਫ਼ਾਂ ਨੂੰ ਬਿਲਕੁਲ ਨਹੀਂ ਸੁਣ ਰਹੀ ਅਤੇ ਇਸ ਫੈਸਲੇ ਨੂੰ ਹਰ ਹਾਲ ਵਿੱਚ ਥੋਪਣ 'ਤੇ ਤੁਲੀ ਹੋਈ ਹੈ। ਸਰਕਾਰ ਦੇ ਫੈਸਲੇ ਪਿੱਛੇ ਨਾ ਕੋਈ ਵਿਗਿਆਨ ਹੈ ਅਤੇ ਨਾ ਹੀ ਅਰਥ ਸ਼ਾਸਤਰ

ਵਿਧਾਇਕ ਕਟਾਰੀਆ ਨੇ ਕੇਂਦਰ ਸਰਕਾਰ ਦੀ ਨੀਤੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨੂੰ ਜਾਇਜ਼ ਠਹਿਰਾਉਣ ਲਈ ਨਾ ਤਾਂ ਕੋਈ ਠੋਸ ਤਰਕ ਦਿਖਾਈ ਦੇ ਰਿਹਾ ਹੈ, ਨਾ ਹੀ ਕੋਈ ਵਿਗਿਆਨ , ਇੰਜੀਨੀਅਰਿੰਗ ਜਾਂ ਕੋਈ ਅਰਥ ਸ਼ਾਸਤਰ ਇਸ ਦੀ ਹਮਾਇਤ ਕਰਦਾ ਹੈ। ਉਨ੍ਹਾਂ ਕਿਹਾ ਕਿ ਸ਼ਾਇਦ ਇਸ ਫੈਸਲੇ ਪਿੱਛੇ ਕੋਈ ਵੱਡੀ ਰਾਜਨੀਤੀ ਕੰਮ ਕਰ ਰਹੀ ਹੈ, ਜੋ ਇੱਕ ਆਮ ਨਾਗਰਿਕ ਦੀ ਸਮਝ ਤੋਂ ਬਿਲਕੁਲ ਬਾਹਰ ਹੈ। ਪਟੀਸ਼ਨ ਰਾਹੀਂ ਪ੍ਰਧਾਨ ਮੰਤਰੀ ਅੱਗੇ ਰੱਖੀਆਂ ਦੋ ਪ੍ਰਮੁੱਖ ਮੰਗਾਂ:



ਦੇਸ਼ ਦੇ ਇੱਕ ਜ਼ਿੰਮੇਵਾਰ ਨਾਗਰਿਕ ਅਤੇ ਲੋਕਾਂ ਸੇਵਾਦਾਰ ਵਜੋਂ ਬ੍ਰਿਗੇਡੀਅਰ ਰਾਜ ਕੁਮਾਰ ਨੇ ਪ੍ਰਧਾਨ ਮੰਤਰੀ ਨੂੰ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇਣ ਦੀ ਅਪੀਲ ਕਰਦਿਆਂ ਦੋ ਮੁੱਖ ਮੰਗਾਂ ਜ਼ੋਰਦਾਰ ਢੰਗ ਨਾਲ ਉਠਾਈਆਂ ਹਨ: . ਸ਼ੁੱਧ ਪੈਟਰੋਲ ਅਤੇ ਈ 20 ਵਿੱਚੋਂ ਚੋਣ ਕਰਨ ਦਾ ਅਧਿਕਾਰ: ਦੇਸ਼ ਦੇ ਸਾਰੇ ਫਿਊਲ ਸਟੇਸ਼ਨਾਂ (ਪੈਟਰੋਲ ਪੰਪਾਂ) 'ਤੇ ਆਮ ਜਨਤਾ ਨੂੰ 'ਸ਼ੁੱਧ ਪੈਟਰੋਲ' ਅਤੇ ਈ-20 ਪੈਟਰੋਲ ਵਿਚਕਾਰ ਚੋਣ ਕਰਨ ਦਾ ਸਪੱਸ਼ਟ ਵਿਕਲਪ ਦਿੱਤਾ ਜਾਵੇ। ਜਨਤਾ ਨੂੰ ਅਜਿਹਾ ਬਾਲਣ ਵਰਤਣ ਲਈ ਮਜਬੂਰ ਨਾ ਕੀਤਾ ਜਾਵੇ, ਜੋ ਉਨ੍ਹਾਂ ਦੇ ਕੀਮਤੀ ਵਾਹਨਾਂ ਦੇ ਇੰਜਣਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾ ਰਿਹਾ ਹੈ। . ਕੀਮਤਾਂ ਵਿੱਚ ਕੀਤੀ ਜਾਵੇ ਭਾਰੀ ਕਟੌਤੀ: ਈ 20 ਪੈਟਰੋਲ ਦੀਆਂ ਕੀਮਤਾਂ ਵਿੱਚ ਤੁਰੰਤ ਕਟੌਤੀ ਕੀਤੀ ਜਾਵੇ। ਕਿਉਂਕਿ ਈ -20 ਪੈਟਰੋਲ ਦੀ ਕੈਲੋਰੀਫਿਕ ਵੈਲਿਊ (ਊਰਜਾ ਸਮਰੱਥਾ) ਕਾਫ਼ੀ ਘੱਟ ਹੈ ਅਤੇ ਇਸ ਨਾਲ ਵਾਹਨਾਂ ਦੀ ਮਾਈਲੇਜ ਵੀ ਬਹੁਤ ਘਟ ਜਾਂਦੀ ਹੈ, ਇਸ ਲਈ ਜਨਤਾ ਕੋਲੋਂ ਇੱਕ ਅਜਿਹੇ ਪ੍ਰੋਡਕਟ ਲਈ ਪੂਰੀ ਕੀਮਤ ਵਸੂਲਣਾ ਬਿਲਕੁਲ ਨਾਜਾਇਜ਼ ਹੈ, ਜਿਸ ਦੀ ਗੁਣਵੱਤਾ ਨਾਲ ਸਮਝੌਤਾ ਕੀਤਾ ਗਿਆ ਹੋਵੇ। ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਆਮ ਲੋਕਾਂ ਦੀ ਜੇਬ੍ਹ ਅਤੇ ਵਾਹਨਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਚੁੱਕੇ ਗਏ ਇਸ ਕਦਮ ਦੀ ਹਲਕੇ ਅਤੇ ਸੋਸ਼ਲ ਮੀਡੀਆ 'ਤੇ ਭਰਪੂਰ ਸ਼ਲਾਘਾ ਹੋ ਰਹੀ ਹੈ ਅਤੇ ਇਸ ਮੁਹਿੰਮ ਨੂੰ ਆਮ ਲੋਕਾਂ ਵੱਲੋਂ ਵੀ ਵੱਡਾ ਸਮਰਥਨ ਮਿਲ ਰਿਹਾ ਹੈ।

# ਕੁਦਰਤ ਨੇ ਜੇ ਚਮਕਾਉਣਾ ਹੋਵੇ

ਕੁਦਰਤ ਨੇ ਜੇ ਚਮਕਾਉਣਾ ਹੋਵੇ ਤਾਂ ਉਹ ਦਾਖਲਾ ਮੁਸੀਬਤਾਂ ਦੇ ਸਕੂਲ ਵਿੱਚ ਕਰਵਾ ਦਿੰਦੀ। ਮੁਸ਼ਕਿਲ ਨਾਲ ਤਰਾਸ਼ੇ ਜਾਂਦੇ, ਪੱਥਰ ਦਾ, ਦਿਲ ਹਿਲਾ ਦਿੰਦੀ। ਕੁਦਰਤ ਦੇ ਨਿਯਮ ਹੁੰਦੇ ਨੇ ਲਚਕੀਲੇ,ਸਿਰਫ ਉਨ੍ਹਾਂ ਲਈ ਜਿਹੜੇ ਹੁੰਦੇ ਨਾਮ ਦੇ ਰਸੀਲੇ। ਪਹਿਲਾ ਅਸੂਲ ਕਾਇਨਾਤ ਦੇ ਜੀਵਾਂ ਨੂੰ ਜਿਹੜਾ ਕਰਦਾ ਪਿਆਰ। ਕੁਦਰਤ ਉਸਦੀਆਂ ਕਰਨੀਆਂ ਵਿੱਚ ਲਿਆਉਂਦੀ ਨਿਖਾਰ। ਦੂਸਰਾ ਅਸੂਲ, ਸੱਚੇ ਮਨੋਂ ਆਪਣੇ ਪ੍ਰਭੂ ਨੂੰ ਧਿਆਉਂਦਾ। ਜਿਹੜਾ ਮਨੁੱਖ ਆਪਣੇ ਅੰਦਰ ਨੂੰ ਖੋਜਦਾ, ਤਰੱਕੀਆਂ ਹੈ ਪਾਉਂਦਾ। ਤੀਸਰਾ ਅਸੂਲ, ਹੰਕਾਰੀਆਂ ਦੇ ਹੰਕਾਰ ਤੋੜਦਾ, ਦੂਸਰਿਆਂ ਦੇ ਹੱਕ ਖੋਹ ਖੋਹ ਕੇ, ਜੋ ਆਪਣੇ ਲਈ ਜੋੜਦਾ। ਚੌਥਾ ਅਸੂਲ, ਕਾਮ ਵਾਸ਼ਨਾ ਵਿੱਚ ਡੁੱਬ ਕੇ ਵਿਭਚਾਰ ਫੈਲਾਉਂਦਾ। ਉਸ ਦੀ ਅਕਲ ਤੇ ਪਰਦਾ ਹੈ ਪਾਉਂਦਾ। ਪੰਜਵਾਂ ਅਸੂਲ, ਆਦਮ ਅਤੇ ਈਵ ਦੀ ਜੋੜੀ ਬਣਾਈ, ਤਾਂ ਕਿ ਸਾਂਝੀਵਾਲਤਾ ਨਾਲ ਜ਼ਿੰਦਗੀ ਜਾਵੇ ਲੰਘਾਈ। ਮਨੁੱਖਤਾ ਦੀ



ਇਸੇ ਵਿੱਚ ਭਲਾਈ। ਅਗਲਾ ਨਾਨਕਾ ਚੜੀ ਰਹੇ ਦਿਨ ਅਸੂਲ ਹੈ "ਨਾਮੁ ਖੁਮਾਰੀ ਰਾਤ"। ਨਾਮ ਦੀ ਖੁਮਾਰੀ ਹੀ ਇਤਨੀ ਹੈ ਕਿਸੇ ਨਸ਼ੇ ਦੀ ਲੋੜ ਹੀ ਨਹੀਂ ਪੈਂਦੀ। ਨਸ਼ਿਆਂ ਦਾ ਸੇਵਨ ਕਰਨਾ ਵੀ, ਕੁਦਰਤ ਦੇ ਨਿਯਮਾਂ ਦੇ ਉਲਟ ਹੈ ਰਹਿੰਦੀ। ਅਗਲਾ ਨਿਯਮ ਹੈ, ਗੁੱਸਾ ਹੱਦ ਦੇ ਅੰਦਰ ਰਹਿ ਕੇ ਕਰਨ ਦਾ, ਆਪਣੇ ਆਪੇ ਤੋਂ ਬਾਹਰ ਹੋ ਜਾਣਾ, ਸਬੱਬ ਬਣ ਜਾਂਦਾ ਮਰਨ ਦਾ। ਪਰਉਪਕਾਰ ਦੇ ਰਾਹ ਉੱਤੇ ਚੱਲ ਕੇ ਆਪਣਾ ਜੀਵਨ ਸੰਵਾਰੋ, ਬੇਸਹਾਰਾ ਲੋਕਾਂ ਦੀ ਮਦਦ ਕਰਕੇ ਉਨ੍ਹਾਂ ਦਾ ਭਵਿੱਖ ਸੁਧਾਰੋ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਸਵੇਰ ਦੀ ਸੈਰ ਵਿੱਚ ਪਾਲਤੂ ਜਾਨਵਰਾਂ ਦਾ ਮਹੱਤਵ

ਅੱਜ ਦੇ ਤੇਜ਼-ਰਫ਼ਤਾਰ ਅਤੇ ਤਣਾਅ-ਭਰੇ ਜੀਵਨ ਵਿੱਚ ਮਨੁੱਖ ਸਰੀਰਕ ਅਤੇ ਮਾਨਸਿਕ ਸਿਹਤ ਨਾਲ ਜੁੜੀਆਂ ਅਨੇਕਾਂ ਚੁਣੌਤੀਆਂ ਦਾ ਸਾਹ-ਮਣਾ ਕਰ ਰਿਹਾ ਹੈ। ਰੁਝੇਵੇਂ, ਇਕੱਲਾਪਣ, ਡਿਜ਼ਿਟਲ ਸਾਧਨਾਂ ਉੱਤੇ ਵੱਧ ਰਹੀ ਨਿਰਭਰਤਾ ਅਤੇ ਗੈਰ-ਸਰਗਰਮ ਜੀਵਨ-ਸ਼ੈਲੀ ਨੇ ਸਾਡੀ ਸਿਹਤ ਉੱਤੇ ਗੰਭੀਰ ਪ੍ਰਭਾਵ ਪਾਇਆ ਹੈ। ਅਜਿਹੇ ਸਮੇਂ ਵਿੱਚ ਸਵੇਰ ਦੀ ਸੈਰ ਅਤੇ ਉਸ ਦੌਰਾਨ ਕਿਸੇ ਪਾਲਤੂ ਜਾਨਵਰ ਦਾ ਸਾਥ ਸਿਰਫ਼ ਮਨੋਰੰਜਨ ਹੀ ਨਹੀਂ, ਸਗੋਂ ਸਿਹਤਮੰਦ ਅਤੇ ਸੰਤੁਲਿਤ ਜੀਵਨ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਸਵੇਰ ਦੀ ਸੈਰ ਨੂੰ ਸਿਹਤ ਲਈ ਸਭ ਤੋਂ ਉੱਤਮ ਆਦਤਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਸਵੇਰ ਦੀ ਤਾਜ਼ੀ ਹਵਾ, ਨਰਮ ਧੁੱਪ ਅਤੇ ਸ਼ਾਂਤ ਵਾਤਾਵਰਣ ਸਰੀਰ ਨੂੰ ਕੁਦਰਤੀ ਢੰਗ ਨਾਲ ਤਾਜ਼ਗੀ ਪ੍ਰਦਾਨ ਕਰਦੇ ਹਨ। ਜਦੋਂ ਇਸ ਸੈਰ ਵਿੱਚ ਕੋਈ ਪਾਲਤੂ ਕੁੱਤਾ, ਬਿੱਲੀ ਜਾਂ ਹੋਰ ਸਾਥੀ ਜਾਨਵਰ ਸ਼ਾਮਲ ਹੋਵੇ ਤਾਂ ਇਸ ਦੇ ਲਾਭ ਕਈ ਗੁਣਾ ਵੱਧ ਜਾਂਦੇ ਹਨ। ਪਾਲਤੂ ਜਾਨਵਰ ਆਪਣੇ ਮਾਲਕ ਨੂੰ ਹਰ ਰੋਜ਼ ਸਮੇਂ ਸਿਰ ਉੱਠਣ ਅਤੇ ਰੋਜ਼ਾਨਾ ਸੈਰ ਕਰਨ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਦੀ ਰੋਜ਼ਾਨਾ ਕਸਰਤ ਦੀ ਲੋੜ ਸਾਡੇ ਅੰਦਰ ਵੀ ਅਨੁਸ਼ਾਸਨ ਅਤੇ ਨਿਰੰਤਰਤਾ ਦੀ ਭਾਵਨਾ ਪੈਦਾ ਕਰਦੀ ਹੈ।

ਪਾਲਤੂ ਜਾਨਵਰ ਨਾਲ ਸੈਰ ਕਰਨਾ ਇੱਕ ਸੰਪੂਰਨ ਸਰੀਰਕ ਕਸਰਤ ਹੈ। ਇਹ ਦਿਲ ਨੂੰ ਮਜ਼ਬੂਤ ਬਣਾਉਂਦੀ ਹੈ, ਖੂਨ ਦੇ ਸੰਚਾਰ ਨੂੰ ਸੁਚਾਰੂ ਕਰਦੀ ਹੈ, ਸਰੀਰ ਦਾ ਭਾਰ ਸੰਤੁਲਿਤ ਰੱਖਣ ਵਿੱਚ ਸਹਾਇਕ ਹੁੰਦੀ ਹੈ ਅਤੇ ਸਰੀਰ ਦੀ ਸਹਿਣਸ਼ਕਤੀ ਨੂੰ ਵੱਧਾਉਂਦੀ ਹੈ। ਰੋਜ਼ਾਨਾ ਸਿਰਫ਼ ਤੀਹ ਮਿੰਟ ਦੀ ਸੈਰ ਮੋਟਾਪਾ, ਸ਼ੂਗਰ, ਉੱਚ ਖੂਨ ਦਬਾਅ ਅਤੇ ਦਿਲ ਦੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਕਾਫ਼ੀ ਹੱਦ ਤੱਕ ਘਟਾ ਸਕਦੀ ਹੈ। ਇਸ ਦੇ ਨਾਲ ਹੀ ਪਾਲਤੂ ਜਾਨਵਰ ਵੀ ਤੰਦਰੁਸਤ ਰਹਿੰਦੇ ਹਨ ਅਤੇ ਉਨ੍ਹਾਂ ਦੀਆਂ ਮਾਸਪੇਸ਼ੀਆਂ, ਜੋੜਾਂ ਅਤੇ ਸਮੁੱਚੀ ਸਿਹਤ ਵਿੱਚ ਸੁਧਾਰ ਹੁੰਦਾ ਹੈ।

ਸਰੀਰਕ ਸਿਹਤ ਦੇ ਨਾਲ-ਨਾਲ ਪਾਲਤੂ ਜਾਨਵਰ ਮਾਨਸਿਕ ਸਿਹਤ ਲਈ ਵੀ ਬਹੁਤ ਲਾਭਦਾਇਕ ਹਨ। ਵਿਗਿਆਨਕ ਅਧਿਐਨਾਂ ਅਨੁਸਾਰ ਪਾਲਤੂ ਜਾਨਵਰਾਂ ਨਾਲ ਸਮਾਂ ਬਿਤਾਉਣ ਨਾਲ ਤਣਾਅ ਪੈਦਾ ਕਰਨ ਵਾਲਾ ਹਾਰਮੋਨ ਕੋਰਟੀਸੋਲ ਘੱਟਦਾ ਹੈ, ਜਦਕਿ ਸੈਰੋਟੋਨਿਨ ਅਤੇ ਆਕਸੀਟੋਸਿਨ ਵਰਗੇ ਖੁਸ਼ੀ ਅਤੇ ਸੰਤੁਸ਼ਟੀ ਪ੍ਰਦਾਨ ਕਰਨ ਵਾਲੇ ਹਾਰਮੋਨਾਂ ਦਾ ਪੱਧਰ ਵੱਧਦਾ ਹੈ। ਇੱਕ ਵਫ਼ਾਦਾਰ ਕੁੱਤੇ ਦੀ ਹਿਲਦੀ ਪੂੰਛ ਜਾਂ ਪਿਆਰੇ ਪਾਲਤੂ ਦਾ ਸਾਥ ਮਨੁੱਖ ਦੇ ਚਿਹਰੇ 'ਤੇ ਮੁਸਕਾਨ ਲਿਆਉਣ ਦੀ ਸਮਰੱਥਾ ਰੱਖਦਾ ਹੈ।

ਇਕੱਲੇ ਰਹਿਣ ਵਾਲੇ ਲੋਕਾਂ, ਬਜ਼ੁਰਗਾਂ ਅਤੇ ਬੱਚਿਆਂ ਲਈ ਪਾਲਤੂ ਜਾਨਵਰ ਭਾਵਨਾਤਮਕ ਸਹਾਰਾ ਬਣਦੇ ਹਨ। ਉਹ ਬਿਨਾਂ ਕਿਸੇ ਸ਼ਰਤ ਦੇ ਪਿਆਰ, ਆਪਣਾਪਣ ਅਤੇ ਸੁਰੱਖਿਆ ਦੀ ਭਾਵਨਾ ਦਿੰਦੇ ਹਨ। ਉਨ੍ਹਾਂ ਨਾਲ ਗੱਲਬਾਤ ਕਰਨਾ ਜਾਂ ਉਨ੍ਹਾਂ ਦੀਆਂ ਚੰਚਲ ਹਰਕਤਾਂ ਨੂੰ ਦੇਖਣਾ ਮਨ ਨੂੰ ਸ਼ਾਂਤੀ ਅਤੇ ਖੁਸ਼ੀ ਪ੍ਰਦਾਨ ਕਰਦਾ ਹੈ। ਇਹ ਰਿਸ਼ਤਾ ਮਨੁੱਖ ਦੇ ਜੀਵਨ ਵਿੱਚ ਆਸ, ਆਤਮ-ਵਿਸ਼ਵਾਸ ਅਤੇ ਸਕਾਰਾਤਮਕ ਸੋਚ ਨੂੰ ਮਜ਼ਬੂਤ ਕਰਦਾ ਹੈ।

ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਵੀ ਪਾਲਤੂ ਜਾਨਵਰ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਵੇਰ ਦੀ ਸੈਰ ਦੌਰਾਨ ਉਹ ਜ਼ਿੰਮੇਵਾਰੀ, ਦਇਆ, ਧੀਰਜ ਅਤੇ ਜੀਵਾਂ ਪ੍ਰਤੀ ਪਿਆਰ ਦੀ ਭਾਵਨਾ ਸਿੱਖਦੇ ਹਨ। ਇਸ ਨਾਲ ਉਹ ਮੋਬਾਈਲ ਫ਼ੋਨਾਂ ਅਤੇ ਹੋਰ ਡਿਜ਼ਿਟਲ ਉਪਕਰਣਾਂ ਤੋਂ ਦੂਰ ਰਹਿ ਕੇ ਵੱਧ ਸਰਗਰਮ ਜੀਵਨ ਅਪਣਾਉਂਦੇ ਹਨ, ਜੋ ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਬਹੁਤ ਲਾਭਕਾਰੀ ਹੈ।

ਪਾਲਤੂ ਜਾਨਵਰਾਂ ਨਾਲ ਸੈਰ ਸਮਾਜਿਕ ਸਾਂਝ ਨੂੰ ਵੀ ਮਜ਼ਬੂਤ ਕਰਦੀ ਹੈ। ਪਾਰਕਾਂ ਅਤੇ ਗਲੀਆਂ ਵਿੱਚ ਸੈਰ ਕਰਦੇ ਹੋਏ ਪਾਲਤੂ ਜਾਨਵਰਾਂ ਦੇ ਮਾਲਕ ਇੱਕ-ਦੂਜੇ ਨਾਲ ਮਿਲਦੇ ਹਨ, ਵਿਚਾਰ ਸਾਂਝੇ ਕਰਦੇ ਹਨ ਅਤੇ ਨਵੇਂ ਰਿਸ਼ਤੇ ਬਣਾਉਂਦੇ ਹਨ। ਇਸ ਨਾਲ ਸਮਾਜ ਵਿੱਚ ਆਪਸੀ ਭਾਈਚਾਰਾ ਅਤੇ ਸਹਿਯੋਗ ਦੀ ਭਾਵਨਾ ਵੱਧਦੀ ਹੈ ਅਤੇ ਇਕੱਲਾਪਣ ਘੱਟਦਾ ਹੈ।

ਪਾਲਤੂ ਜਾਨਵਰਾਂ ਲਈ ਵੀ ਸਵੇਰ ਦੀ ਸੈਰ ਬੇਹੱਦ ਜ਼ਰੂਰੀ ਹੈ। ਇਸ ਨਾਲ ਉਹ ਨਵੇਂ ਵਾਤਾਵਰਣ ਨੂੰ ਜਾਣਦੇ ਹਨ, ਆਪਣੀ ਕੁਦਰਤੀ ਜਿਗਿਆਸਾ ਨੂੰ ਸੰਤੁਸ਼ਟ ਕਰਦੇ ਹਨ, ਵਾਧੂ ਊਰਜਾ ਦੀ ਖਪਤ ਕਰਦੇ ਹਨ ਅਤੇ ਹੋਰ ਜਾਨਵਰਾਂ ਨਾਲ ਰਲ-ਮਿਲ ਕੇ ਰਹਿਣਾ ਸਿੱਖਦੇ ਹਨ। ਨਿਯਮਤ ਸੈਰ ਉਨ੍ਹਾਂ ਦੇ ਵਿਉਹਾਰ ਨੂੰ ਸੰਤੁਲਿਤ ਰੱਖਦੀ ਹੈ ਅਤੇ ਉਨ੍ਹਾਂ ਦੀ ਸਰੀਰਕ ਤੇ ਮਾਨਸਿਕ ਸਿਹਤ ਨੂੰ ਮਜ਼ਬੂਤ ਬਣਾਉਂਦੀ ਹੈ।

ਸਵੇਰ ਦੀ ਸੈਰ ਮਨੁੱਖ ਨੂੰ ਕੁਦਰਤ ਦੇ ਨੇੜੇ ਵੀ ਲਿਆਉਂਦੀ ਹੈ। ਪੰਛੀਆਂ ਦੀ ਚਹਿਕ, ਫੁੱਲਾਂ ਦੀ ਮਹਿਕ, ਠੰਡੀ ਹਵਾ ਅਤੇ ਰੁੱਤਾਂ ਦੇ ਬਦਲਦੇ ਰੰਗ ਜੀਵਨ ਪ੍ਰਤੀ ਨਵਾਂ ਨਜ਼ਰੀਆ ਪੈਦਾ ਕਰਦੇ ਹਨ। ਇਸ ਨਾਲ ਵਾਤਾਵਰਣ ਪ੍ਰਤੀ ਜਾਗਰੂਕਤਾ ਵਧਦੀ ਹੈ ਅਤੇ ਜਨਤਕ ਥਾਵਾਂ ਨੂੰ ਸਾਫ਼-ਸੁਥਰਾ ਰੱਖਣ ਦੀ ਆਦਤ ਵੀ ਵਿਕਸਿਤ ਹੁੰਦੀ ਹੈ।

ਹਾਲਾਂਕਿ ਪਾਲਤੂ ਜਾਨਵਰ ਰੱਖਣਾ ਸਿਰਫ਼ ਸ਼ੌਕ ਨਹੀਂ, ਸਗੋਂ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ। ਉਨ੍ਹਾਂ ਨੂੰ ਸੈਰ ਦੌਰਾਨ ਲੋੜ ਅਨੁਸਾਰ ਪੱਟੇ ਨਾਲ ਰੱਖਣਾ, ਸਾਫ਼ ਪਾਣੀ ਦੀ ਵਿਵਸਥਾ ਕਰਨੀ, ਸਮੇਂ-ਸਮੇਂ ਟੀਕਾਕਰਨ ਕਰਵਾਉਣਾ ਅਤੇ ਜਨਤਕ ਸਥਾਨਾਂ ਦੀ ਸਫ਼ਾਈ ਦਾ ਧਿਆਨ ਰੱਖਣਾ ਹਰ ਜ਼ਿੰਮੇਵਾਰ ਨਾਗਰਿਕ ਦਾ ਫ਼ਰਜ਼ ਹੈ।

ਆਧੁਨਿਕ ਵਿਗਿਆਨਕ ਖੋਜਾਂ ਵੀ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਪਾਲਤੂ ਜਾਨਵਰਾਂ ਨਾਲ ਰੋਜ਼ਾਨਾ ਸੰਪਰਕ ਖੂਨ ਦਬਾਅ ਨੂੰ ਨਿਯੰਤਰਿਤ ਰੱਖਣ, ਦਿਲ ਦੀ ਸਿਹਤ ਸੁਧਾਰਨ, ਉਦਾਸੀ ਅਤੇ ਤਣਾਅ ਘਟਾਉਣ, ਰੋਗ-ਪ੍ਰਤੀਰੋਧਕ ਸਮਰੱਥਾ ਵਧਾਉਣ ਅਤੇ ਜੀਵਨ ਪ੍ਰਤੀ ਸਕਾਰਾਤਮਕ ਦ੍ਰਿਸ਼ਟੀਕੋਣ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਪਾਲਤੂ ਜਾਨਵਰ ਕੇਵਲ ਘਰਾਂ ਦੀ ਸ਼ੋਭਾ ਨਹੀਂ, ਸਗੋਂ ਮਨੁੱਖ ਦੇ ਸੱਚੇ ਸਾਥੀ, ਪ੍ਰੇਰਕ ਅਤੇ ਨਿਸ਼ਬਦ ਚੰਗੇ ਕਰਨ ਵਾਲੇ ਮਿੱਤਰ ਹਨ। ਉਨ੍ਹਾਂ ਨਾਲ ਕੀਤੀ ਗਈ ਸਵੇਰ ਦੀ ਸੈਰ ਸਰੀਰਕ ਤੰਦਰੁਸਤੀ, ਮਾਨਸਿਕ ਸ਼ਾਂਤੀ, ਸਮਾਜਿਕ ਸਾਂਝ ਅਤੇ ਕੁਦਰਤ ਨਾਲ ਪਿਆਰ—ਇਨ੍ਹਾਂ ਸਾਰਿਆਂ ਦਾ ਸੁੰਦਰ ਮੇਲ ਹੈ। ਡਿਜ਼ਿਟਲ ਯੁੱਗ ਦੇ ਤਣਾਅ ਅਤੇ ਵਿਅਸਤ ਜੀਵਨ ਵਿੱਚ ਇਹ ਸਧਾਰਨ ਜਿਹੀ ਆਦਤ ਸਾਨੂੰ ਇੱਕ ਸਿਹਤਮੰਦ, ਖੁਸ਼ਹਾਲ ਅਤੇ ਸੰਤੁਲਿਤ ਜੀਵਨ ਵੱਲ ਲੈ ਜਾ ਸਕਦੀ ਹੈ। ਅਸਲ ਖੁਸ਼ੀ ਮਹਿੰਗੀਆਂ ਵਸਤੂਆਂ ਵਿੱਚ ਨਹੀਂ, ਸਗੋਂ ਆਪਣੇ ਵਫ਼ਾਦਾਰ ਸਾਥੀ ਨਾਲ ਬਿਤਾਏ ਸਵੇਰ ਦੇ ਕੁਝ ਅਨਮੋਲ ਪਲਾਂ ਵਿੱਚ ਲੁਕੀ ਹੋਈ ਹੈ।



**ਡਾ. ਸੁਰਿੰਦਰਪਾਲ ਸਿੰਘ**
**ਵਿਗਿਆਨ ਵਿਭਾਗ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਜਦੋਂ ਲੋਕ ਗੱਲ ਕਰਦੇ ਹਨ, ਤਾਂ ਪੂਰੀ ਤਰ੍ਹਾਂ ਸੁਣੋ ਜ਼ਿਆਦਾਤਰ ਲੋਕ ਕਦੇ ਨਹੀਂ ਸੁਣਦੇ

**ਅਰਨੈਸਟ ਹੈਮਿੰਗਵੇ ਦੇ ਜਨਮਦਿਨ ਤੇ**

'ਹਰ ਆਦਮੀ ਦੀ ਜ਼ਿੰਦਗੀ ਦਾ ਅੰਤ ਇੱਕੋ ਤਰ੍ਹਾਂ ਹੀ ਹੁੰਦਾ ਹੈ। ਇਹ ਤਾਂ ਸਿਰਫ਼ ਉਸਦੇ ਜੀਉਣ ਅਤੇ ਮਰਨ ਦੇ ਵੇਰਵੇ ਹੀ ਹੁੰਦੇ ਹਨ ਜੋ ਇੱਕ ਆਦਮੀ ਨੂੰ ਦੂਜੇ ਨਾਲੋਂ ਵੱਖਰਾ ਕਰਦੇ ਹਨ' ਇਹ ਸ਼ਬਦ 20ਵੀ ਸਦੀ ਦੇ ਮਹਾਨ ਲੇਖਕ ਅਰਨੈਸਟ ਹੈਮਿੰਗਵੇ ਦੇ ਸਨ ਜੋ ਉਹਨਾਂ ਅਮਰੀਕੀ ਲੇਖਕਾਂ ਵਿੱਚੋਂ ਇੱਕ ਸਨ ਜਿੰਨਾ ਦੀ ਲਿਖਣ-ਸ਼ੈਲੀ ਨੇ ਵਿਸ਼ਵ ਸਾਹਿਤ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਮਨੁੱਖੀ ਜੀਵਨ ਦੀਆਂ ਔਕੜਾ, ਮਨੁੱਖੀ ਸੰਘਰਸ਼, ਹੌਂਸਲਾ, ਪਿਆਰ, ਜੰਗ, ਮੌਤ ਅਤੇ ਕੁਦਰਤ ਦਾ ਬਹੁਤ ਹੀ ਡੂੰਘਾ ਚਿੱਤਰਣ ਮਿਲਦਾ ਹੈ। 1954 ਵਿੱਚ ਉਨ੍ਹਾਂ ਨੂੰ ਸਾਹਿਤ ਲਈ ਸਭ ਤੋਂ ਵੱਡਾ ਪੁਰਸਕਾਰ ਨੋਬਲ ਪੁਰਸਕਾਰ ਦਿੱਤਾ ਗਿਆ। ਅਰਨੈਸਟ ਹੈਮਿੰਗਵੇ ਦਾ ਜਨਮ 21 ਜੁਲਾਈ 1899 ਨੂੰ ਅਮਰੀਕਾ ਦੇ ਇਲੀਨੋਇਸ ਰਾਜ ਦੇ ਓਕ ਪਾਰਕ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਡਾਕਟਰ ਸਨ ਅਤੇ ਮਾਤਾ ਇੱਕ ਸੰਗੀਤਕਾਰ ਸਨ। ਬਚਪਨ ਤੋਂ ਹੀ ਉਨ੍ਹਾਂ ਨੂੰ ਸ਼ਿਕਾਰ, ਮੱਛੀ ਫੜਨ ਅਤੇ ਕੁਦਰਤ ਨਾਲ ਪਿਆਰ ਸੀ, ਜਿਸਦਾ ਪ੍ਰਭਾਵ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ। ਸਕੂਲ ਦੀ ਪੜ੍ਹਾਈ ਤੋਂ ਬਾਅਦ ਉਹ ਪੱਤਰਕਾਰ ਬਣੇ ਅਤੇ ਇਕ ਅਖ਼ਬਾਰ ਰਾਹੀ ਆਪਣਾ ਲੇਖਣੀ ਦਾ ਸਫ਼ਰ ਸ਼ੁਰੂ ਕੀਤਾ। ਪਹਿਲੇ ਵਿਸ਼ਵ ਯੁੱਧ ਦੌਰਾਨ ਉਨ੍ਹਾਂ ਨੇ ਰੈੱਡ ਕ੍ਰਾਸ ਵਿੱਚ ਐਂਬੂਲੈਂਸ ਡਰਾਈਵਰ ਵਜੋਂ ਸੇਵਾ ਕੀਤੀ ਅਤੇ ਜੰਗ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਵੀ ਹੋਏ। ਇਸ ਅਨੁਭਵ ਨੇ ਉਨ੍ਹਾਂ ਦੀ ਸੋਚ ਅਤੇ ਲਿਖਤ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ। ਯੁੱਧ ਤੋਂ ਬਾਅਦ ਉਹ ਪੈਰਿਸ ਚਲੇ ਗਏ, ਜਿੱਥੇ ਉਹਨਾਂ ਨੇ ਫੇਰ ਪੱਤਰਕਾਰ ਦੇ ਤੌਰ ਤੇ ਕੰਮ ਕੀਤਾ ਅਤੇ ਇੱਥੇ ਹੀ ਉਨ੍ਹਾਂ ਦੀ ਮੁਲਾਕਾਤ ਉਸ ਸਮੇਂ ਦੇ ਪ੍ਰਸਿੱਧ ਲੇਖਕਾਂ ਨਾਲ ਹੋਈ। ਉਹ ਜੀਵਨ ਦੇ ਆਖ਼ਰੀ ਸਾਲਾਂ ਵਿੱਚ ਸਿਹਤ ਅਤੇ ਮਾਨਸਿਕ ਸਮੱਸਿਆਵਾਂ ਨਾਲ ਜੂਝਦੇ ਰਹੇ। 2 ਜੁਲਾਈ 1961 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਅਰਨੈਸਟ ਹੈਮਿੰਗਵੇ ਵੱਲੋਂ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਗਈਆਂ। ਉਹਨਾਂ ਦੀ ਪਹਿਲੀ ਕਿਤਾਬ 'ਦਾ ਸਨ ਆਲਸੋ ਰਾਈਜਜ' 1926 ਵਿੱਚ ਆਈ ਅਤੇ ਇਸ ਤੋ ਬਾਅਦ 'ਆ ਫੇਅਰਵੈਲ ਤੋ ਆਰਮਸ' (1929), 'ਦਾ ਓਲਡ ਮੈਨ ਐਂਡ ਸੀ' (1952) ਆਈ। ਉਹਨਾਂ ਵੱਲੋਂ ਲਿਖਿਆ 'ਦਾ ਮੈਨ ਵਿਦਆਉਟ ਵੀਮਨ'(ਕਹਾਣੀ-ਸੰਗ੍ਰਹਿ) ਵੀ ਕਾਫ਼ੀ ਪ੍ਰਸਿੱਧ ਹੋਇਆ। ਪਰ 'ਦਾ ਓਲਡ ਮੈਨ ਐਂਡ ਸੀ' ਉਨ੍ਹਾਂ ਦੀ ਸਭ ਤੋਂ ਪ੍ਰਸਿੱਧ ਰਚਨਾ ਹੈ, ਇਸ ਲਈ ਉਨ੍ਹਾਂ ਨੂੰ 1953 ਵਿੱਚ ਪੁਲਿਟਜ਼ਰ ਪੁਰਸਕਾਰ ਮਿਲਿਆ। ਇਹ ਕਿਤਾਬ ਪੰਜਾਬੀ ਸਮੇਤ ਦੁਨੀਆ ਦੀਆਂ ਬਹੁਤੀਆ ਭਾਸ਼ਾਵਾ ਵਿੱਚ ਮਿਲਦੀ ਹੈ। ਇਸ ਕਿਤਾਬ ਵਿੱਚ ਇਕ ਬੁੱਢਾ ਆਦਮੀ ਆਪਣੇ ਸਾਹਸ ਨਾਲ ਇਕ ਵੱਡੀ ਮੱਛੀ ਨਾਲ ਲੜਦਾ ਹੋਇਆ ਉਸਦਾ ਪਿੰਜਰ ਲੈਕੇ ਕਿਨ-ਾਰੇ ਤੇ ਉਪੜਦਾ ਹੈ ਅਤੇ ਸਵੇਰੇ ਸਾਰੇ ਮਛਵਾਰੇ ਉਸ ਮੱਛੀ ਦਾ ਪਿੰਜਰ ਦੇਖਕੇ ਉਸਦੀ ਤਾਕਤ ਦਾ ਅੰਦਾਜ਼ਾ ਲਗਾਉਂਦੇ ਹੋਏ ਬੁੱਢੇ ਆਦਮੀ ਦਾ ਗੁਣਗਾਨ ਕਰਦੇ ਹਨ। ਇਸੇ ਕਿਤਾਬ ਵਿਚ ਹੈਮਿੰਗਵੇ ਲਿਖਦਾ ਹੈ ਕਿ ਆਦਮੀ ਨੂੰ ਬਰਬਾਦ ਕੀਤਾ ਜਾ ਸਕਦਾ ਪਰ ਉਸਨੂੰ ਹਰਾਇਆ ਨਹੀਂ ਜਾ ਸਕਦਾ। ਹੈਮਿੰਗਵੇ ਦੀ ਸ਼ੈਲੀ ਸਧਾਰਨ ਪਰ ਪ੍ਰਭਾਵਸ਼ਾਲੀ ਹੈ। ਉਹ ਘੱਟ ਸ਼ਬਦਾਂ ਵਿੱਚ ਡੂੰਘੇ ਅਰਥ ਪ੍ਰਗਟ ਕਰਨ ਵਿੱਚ ਮਾਹਰ ਹਨ। ਉਨ੍ਹਾਂ ਨੇ ਆਈਸਬਰਗ ਸਿਧਾਂਤ ਨੂੰ ਪ੍ਰਸਿੱਧ ਕੀਤਾ, ਜਿਸ ਅਨੁਸਾਰ ਕਹਾਣੀ ਦਾ ਵੱਡਾ ਹਿੱਸਾ ਸਿੱਧਾ ਨਹੀਂ ਲਿਖਿਆ ਜਾਂਦਾ, ਸਗੋਂ ਪਾਠਕ ਉਸਨੂੰ ਖ਼ੁਦ ਸਮਝਦਾ ਹੈ। ਉਹਨਾਂ ਅਨੁਸਾਰ ਪਾਠਕ ਖ਼ੁਦ ਵੀ ਮਿਹਨਤ ਕਰਦਾ ਹੈ ਅਤੇ ਲਿਖਤ ਦੀਆਂ ਪਰਤਾਂ ਖੋਲ੍ਹਦਾ ਹੈ। ਜੰਗ ਹੈਮਿੰਗਵੇ ਦੀਆਂ ਰਚਨਾਵਾਂ ਦਾ ਸਭ ਤੋਂ ਮਹੱਤਵਪੂਰਨ ਵਿਸ਼ਾ ਹੈ। ਉਨ੍ਹਾਂ ਨੇ ਯੁੱਧ ਦੀ ਤਬਾਹੀ, ਮਨੁੱਖੀ ਦੁੱਖ ਅਤੇ ਮਾਨਸਿਕ ਪੀੜਾ ਨੂੰ ਯਥਾਰਥਵਾਦੀ ਢੰਗ ਨਾਲ ਦਰਸਾਇਆ। 'ਅ ਫੇਅਰਵੈਲ ਟੂ ਆਰਮਸ' ਅਤੇ 'ਫੋਰ ਹੂਮ ਦਾ ਬੈੱਲ ਟੌਲਸ' ਇਸ ਦੇ ਪ੍ਰਮੁੱਖ ਉਦਾਹਰਨ ਹਨ। ਹੈਮਿੰਗਵੇ ਦੇ ਪਾਤਰ ਕਦੇ ਵੀ ਮੁਸ਼ਕਲਾਂ ਅੱਗੇ ਹਾਰ ਨਹੀਂ ਮੰਨਦੇ। ਉਹ ਸੰਘਰਸ਼ ਕਰਦੇ ਹਨ ਅਤੇ ਇੱਜ਼ਤ ਨਾਲ ਜੀਵਨ ਜੀਊਣ ਦੀ ਕੋਸ਼ਿਸ਼ ਕਰਦੇ ਹਨ। ਬੁੱਢਾ ਆਦਮੀ ਸੈਂਟਿਆਗੋ ਅਜਿਹਾ ਹੀ ਸਾਹਸ ਦਿਖਾਉਂਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਪਿਆਰ ਵੀ ਹੈ ਅਤੇ ਮੌਤ ਵੀ। ਇਹ ਹੈਮਿੰਗਵੇ ਦੀਆਂ ਕਹਾਣੀਆਂ ਦਾ ਅਟੁੱਟ ਹਿੱਸਾ ਹੈ। ਉਹ ਮੌਤ ਨੂੰ ਜੀਵਨ ਦੀ ਕੁਦਰਤੀ ਸੱਚਾਈ ਵਜੋਂ ਦਰਸਾਉਂਦੇ ਹਨ ਅਤੇ ਦਿਖਾਉਂਦੇ ਹਨ ਕਿ ਮਨੁੱਖ ਨੂੰ ਇਸ ਦਾ ਸਾਹਸ ਨਾਲ ਸਾਹਮਣਾ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਕਈ ਪਾਤਰ ਅੰਦਰੋਂ ਇਕੱਲੇ ਹੁੰਦੇ ਹਨ। ਉਹ ਸਮਾਜ ਵਿੱਚ ਰਹਿੰਦੇ ਹੋਏ ਵੀ ਭਾਵਨਾਤਮਕ ਤੌਰ 'ਤੇ ਇਕਾਂਤ ਮਹਿਸੂਸ ਕਰਦੇ ਹਨ। ਇਸੇ ਲਈ ਉਹਨਾਂ ਨੇ ਇਸ ਗੱਲ ਤੇ ਬਹੁਤ ਜੋਰ ਦਿੱਤਾ ਸੀ ਕਿ ਕਿਸੇ ਨੂੰ ਸੁਣਨਾ ਕਿੰਨਾ ਜਰੂਰੀ ਹੈ, ਉਹ ਕਹਿੰਦੇ ਹਨ, 'ਜਦੋਂ ਲੋਕ ਗੱਲ ਕਰਦੇ ਹਨ, ਤਾਂ ਪੂਰੀ ਤਰ੍ਹਾਂ ਸੁਣੋ। ਜ਼ਿਆਦਾਤਰ ਲੋਕ ਕਦੇ ਨਹੀਂ ਸੁਣਦੇ' ਅਰਨੈਸਟ ਹੈਮਿੰਗਵੇ ਨੇ ਅੰਗਰੇਜ਼ੀ ਸਾਹਿਤ ਨੂੰ ਇੱਕ ਨਵੀਂ ਲਿਖਣ-ਸ਼ੈਲੀ ਦਿੱਤੀ। ਉਨ੍ਹਾਂ ਨੇ ਸਾਬਤ ਕੀਤਾ ਕਿ ਸਧਾਰਨ ਭਾਸ਼ਾ ਵਿੱਚ ਵੀ ਡੂੰਘੇ ਵਿਚਾਰ ਪ੍ਰਗਟ ਕੀਤੇ ਜਾ ਸਕਦੇ ਹਨ। ਉਹਨਾਂ ਨੇ ਆਧੁਨਿਕ ਕਹਾਣੀ-ਲੇਖਨ ਨੂੰ ਡੂੰਘਾ ਪ੍ਰਭਾਵਿਤ ਕੀਤਾ। ਅੱਜ ਵੀ ਦੁਨੀਆ ਭਰ ਦੇ ਲੇਖਕ ਉਨ੍ਹਾਂ ਦੀ ਸ਼ੈਲੀ ਤੋਂ ਪ੍ਰੇਰਨਾ ਲੈਂਦੇ ਹਨ।

**ਗੁਰਵਿੰਦਰ**
**7529036218**

# ਟਰੰਪ ਦੇ ਦੌਰ ਵਿਚ ਨੈਲਸਨ ਮੰਡੇਲਾ ਦੀ ਵਿਰਾਸਤ ਦੇ ਮਾਅਨੇ

**ਸੁਰਜੀਤ ਸਿੰਘ ਫਲੋਰਾ**

ਕਈ ਆਗੂ ਸੱਤਾ ਜਿੱਤਦੇ ਹਨ। ਨੈਲਸਨ ਮੰਡੇਲਾ ਨੇ ਸੱਤਾ ਮਿਲਣ ਮਗਰੋਂ ਇਹ ਸਵਾਲ ਖੜ੍ਹਾ ਕੀਤਾ ਕਿ ਉਸ ਨਾਲ ਕੀਤਾ ਕੀ ਜਾਵੇ। ਉਨ੍ਹਾਂ ਦੀ ਵਿਰਾਸਤ ਦੱਖਣੀ ਅਫ਼ਰੀਕਾ ਦੇ ਅਪਾਰਥਾਈਡ ਤੱਕ ਸੀਮਿਤ ਨਹੀਂ। ਸਮਾਨਤਾ, ਕਰੁਣਾ, ਅਮਨ ਅਤੇ ਲੋਕ ਸੇਵਾ ਦੇ ਉਨ੍ਹਾਂ ਦੇ ਫ਼ੈਸਲੇ ਅੱਜ ਵੀ ਰਾਜਨੀਤੀ ਦੀ ਕਸੌਟੀ ਹਨ। 18 ਜੁਲਾਈ ਦਾ ਨੈਲਸਨ ਮੰਡੇਲਾ ਇੰਟਰਨੈਸ਼ਨਲ ਡੇ ਇਸੇ ਯਾਦ ਨੂੰ ਕੰਮ ਨਾਲ ਜੋੜਦਾ ਹੈ। ਰਾਸ਼ਟਰਪਤੀ ਟਰੰਪ ਦੇ ਦੌਰ ਦੀ ਤਿੱਖੀ ਵੰਡ ਅਤੇ "ਅਮਰੀਕਾ ਫ਼ਰਸਟ" ਵਾਲੀ ਸੋਚ ਵਿਚ ਮੰਡੇਲਾ ਦਾ ਸਵਾਲ ਹੋਰ ਸਖ਼ਤ ਲੱਗਦਾ ਹੈ: ਕੀ ਹੱਕ ਦੀ ਲੜਾਈ ਬਿਨਾਂ ਨਫ਼ਰਤ ਦੇ ਜਿੱਤੀ ਜਾ ਸਕਦੀ ਹੈ?

ਅਪਾਰਥਾਈਡ ਸਿਰਫ਼ ਪੱਖਪਾਤੀ ਸੋਚ ਨਹੀਂ ਸੀ। ਉਹ ਕਾਨੂੰਨੀ ਢਾਂਚਾ ਸੀ ਜਿਸ ਨੇ ਕਾਲੇ ਦੱਖਣੀ ਅਫ਼ਰੀਕੀ ਲੋਕਾਂ ਦੀ ਵੋਟ, ਰਿਹਾਇਸ਼, ਜ਼ਮੀਨ, ਸਿੱਖਿਆ ਅਤੇ ਆਵਾਜਾਈ ਉੱਤੇ ਪਾਬੰਦੀਆਂ ਲਗਾਈਆਂ। ਬਹੁਗਿਣਤੀ ਆਪਣੇ ਹੀ ਦੇਸ਼ ਵਿਚ ਦੂਜੇ ਦਰਜੇ ਦੇ ਨਾਗਰਿਕ ਬਣਾ ਦਿੱਤੇ ਗਏ ਸਨ।

ਮੰਡੇਲਾ ਨੇ ਅਫ਼ਰੀਕਨ ਨੈਸ਼ਨਲ ਕਾਂਗਰਸ ਨਾਲ ਇਸ ਪ੍ਰਬੰਧ ਦਾ ਵਿਰੋਧ ਕੀਤਾ। ਉਸ ਦੀ ਕੀਮਤ 27 ਸਾਲ ਦੀ ਕੈਦ ਸੀ। ਰੋਬਨ ਆਇਲੈਂਡ ਦੀ ਕੈਦ ਨੇ ਉਨ੍ਹਾਂ ਨੂੰ ਚੁੱਪ ਨਹੀਂ ਕੀਤਾ, ਪਰ ਉਨ੍ਹਾਂ ਨੇ ਜੇਲ੍ਹ ਤੋਂ ਨਿਕਲ ਕੇ ਬਦਲੇ ਦੀ ਰਾਜਨੀਤੀ ਵੀ ਨਹੀਂ ਚੁਣੀ।

1994 ਵਿਚ ਮੰਡੇਲਾ ਦੱਖਣੀ ਅਫ਼ਰੀਕਾ ਦੇ ਪਹਿਲੇ ਲੋਕਤੰਤਰੀ ਢੰਗ ਨਾਲ ਚੁਣੇ ਗਏ ਕਾਲੇ ਰਾਸ਼ਟਰਪਤੀ ਬਣੇ। ਉਨ੍ਹਾਂ ਲਈ ਜਿੱਤ ਦਾ ਅਰਥ ਗੋਰਿਆਂ ਦੀ ਥਾਂ ਕਾਲਿਆਂ ਦਾ ਰਾਜ ਨਹੀਂ ਸੀ। ਅਰਥ ਸੀ, ਹਰ ਨਾਗਰਿਕ ਲਈ ਇੱਕੋ ਹੱਕ ਅਤੇ ਇੱਕੋ ਕਾਨੂੰਨ ਹੋਣਾ ਚਾਹਿੰਦਾ ਹੈ। ਉਨ੍ਹਾਂ ਦੀ ਸਰਕਾਰ ਨੇ ਵੱਖ-ਵੱਖ ਨਸਲੀ ਪ੍ਰਸ਼ਾਸਨਾਂ ਨੂੰ ਜੋੜਿਆ। ਗਰੀਬ ਪਰਿਵਾਰਾਂ ਲਈ ਸਮਾਜਿਕ ਗ੍ਰਾਂਟਾਂ, ਛੇ ਸਾਲ ਤੋਂ ਘੱਟ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਮੁਫ਼ਤ ਸਿਹਤ ਸੇਵਾ, ਅਤੇ ਘੱਟ ਆਮਦਨ ਵਾਲੇ ਘਰਾਂ ਦੀ ਨੀਤੀ ਵੀ ਇਸ ਸੋਚ ਦਾ ਹਿੱਸਾ ਸੀ। ਸੱਤਾ ਉਨ੍ਹਾਂ ਲਈ ਨਿੱਜੀ ਮਾਣ ਨਹੀਂ, ਲੋਕ ਸੇਵਾ ਦਾ ਔਜ਼ਾਰ ਸੀ। ਜਿਥੇ ਕਿ ਟਰੰਪ ਲਈ ਇਕ ਕਮਾਈ ਦਾ ਜ਼ਰੀਆਂ ਹੈ। ਮੰਡੇਲਾ ਨੇ ਪੀੜਤਾਂ ਦਾ ਦਰਦ ਨਕਾਰਿਆ ਨਹੀਂ। ਪਰ ਉਨ੍ਹਾਂ ਨੇ ਹਰ ਗੋਰੇ ਵਿਅਕਤੀ ਨੂੰ ਦੁਸ਼ਮਣ ਵੀ ਨਹੀਂ ਮੰਨਿਆ। ਇਹ ਫ਼ਰਕ ਛੋਟਾ ਨਹੀਂ ਸੀ। ਇੱਥੇ ਹੀ ਸਮਾਨਤਾ ਦੇ ਫ਼ੈਸਲਿਆਂ ਵਿਚ ਕਰੁਣਾ ਦੀ ਥਾਂ ਬਣਦੀ ਹੈ।

1996 ਤੋਂ 1998 ਤੱਕ ਚੱਲੇ ਸੱਚ ਅਤੇ ਮਿਲਾਪ ਕਮਿਸ਼ਨ ਨੇ ਅਪਾਰਥਾਈਡ ਦੇ ਜੁਰਮਾਂ ਨੂੰ ਜਨਤਕ ਕੀਤਾ। ਪ੍ਰਕਿਰਿਆ ਅਧੂਰੀ ਅਤੇ ਵਿਵਾਦਤ ਰਹੀ, ਪਰ ਇਸ ਨੇ ਚੁੱਪ ਨੂੰ ਨੀਤੀ ਨਹੀਂ ਬਣਨ ਦਿੱਤਾ। ਮਾਫ਼ੀ ਦਾ ਮਤਲਬ ਭੁੱਲ ਜਾਣਾ ਨਹੀਂ ਸੀ। ਮਤਲਬ ਸੀ ਨਿਆਂ ਲੱਭਦੇ ਹੋਏ ਮਨੁੱਖੀ ਮਰਿਆਦਾ ਨਾ ਗੁਆਉਣਾ।

1993 ਦਾ ਨੋਬਲ ਸ਼ਾਂਤੀ ਪੁਰਸਕਾਰ ਮੰਡੇਲਾ ਅਤੇ ਐਫ਼ ਡਬਲਿਊ ਡੀ ਕਲਰਕ ਨੂੰ ਇਕੱਠੇ ਮਿਿਲਆ। ਇਹ ਮਿਲਾਪ ਦਾ ਪ੍ਰਤੀਕ ਸੀ, ਬੇਇਨਸਾਫ਼ੀ ਦੀ ਸਫ਼ਾਈ ਜਾਂ ਭੀਖ ਨਹੀਂ।

ਮੰਡੇਲਾ ਨੇ ਅਗਵਾਈ ਨੂੰ ਹੁਕਮ ਚਲਾਉਣ ਨਾਲ ਨਹੀਂ ਜੋੜਿਆ। ਉਹ ਵਿਰੋਧੀਆਂ ਨਾਲ ਗੱਲ ਕਰਦੇ ਸਨ, ਸੁਣਦੇ ਸਨ ਅਤੇ ਸੰਸਥਾਵਾਂ ਨੂੰ ਵਿਅਕਤੀ ਤੋਂ ਉੱਪਰ ਰੱਖਦੇ ਸਨ।

1995 ਦੇ ਰਗਬੀ ਵਰਲਡ ਕੱਪ ਵਿਚ ਸਪ੍ਰਿੰਗਬੋਕਸ ਦੀ ਜਰਸੀ ਪਾ ਕੇ ਉਨ੍ਹਾਂ ਨੇ ਉਸ ਨਿਸ਼ਾਨ ਨੂੰ ਸਾਂਝੀ ਕੌਮੀ ਪਹਿਚਾਣ ਦਾ ਸਬੂਤ ਦਿੱਤਾ, ਜਿਸ ਨੂੰ ਕਈ ਕਾਲੇ ਲੋਕ ਗੋਰੇ ਰਾਜ ਦਾ ਚਿੰਨ੍ਹ ਮੰਨਦੇ ਸਨ।

1999 ਵਿਚ ਇੱਕ ਕਾਰਜਕਾਲ ਮਗਰੋਂ ਸੱਤਾ ਛੱਡਣਾ ਵੀ ਉਨ੍ਹਾਂ ਦਾ ਸਾਫ਼ ਸੰਦੇਸ਼ ਸੀ: ਲੋਕਤੰਤਰ ਕਿਸੇ ਇੱਕ ਵਿਅਕਤੀ ਦੀ ਜਾਇਦਾਦ ਨਹੀਂ।

### ਟਰੰਪ ਦੇ ਦੌਰ ਵਿਚ ਮੰਡੇਲਾ ਦੇ ਅਮਨ ਅਤੇ ਕਰੁਣਾ ਵਾਲੇ ਸਬਕ

ਮੰਡੇਲਾ ਅਤੇ ਡੋਨਾਲਡ ਟਰੰਪ ਦੀ ਤੁਲਨਾ ਦੋ ਵੱਖਰੇ ਇਤਿਹਾਸਾਂ ਅਤੇ ਦੋ ਵੱਖਰੀਆਂ ਅਗਵਾਈ ਸ਼ੈਲੀਆਂ ਦੀ ਤੁਲਨਾ ਹੈ। ਇਹ ਨਿੱਜੀ ਹਮਲਾ ਨਹੀਂ। ਪਰ ਰਾਜਨੀਤਕ ਭਾਸ਼ਾ ਲੋਕਾਂ ਨਾਲ ਕੀ ਕਰਦੀ ਹੈ, ਇਹ ਸਵਾਲ ਲਾਜ਼ਮੀ ਹੈ। ਟਰੰਪ ਦੀ ਰਾਜਨੀਤੀ ਨੇ ਸਰਹੱਦਾਂ, ਰਾਸ਼ਟਰੀ ਸੁਰੱਖਿਆ ਅਤੇ ਅਮਰੀਕੀ ਆਰਥਿਕ ਹਿਤ ਨੂੰ ਕੇਂਦਰ ਵਿਚ ਰੱਖਿਆ। ਉਸ ਦੇ ਸਮਰਥਕਾਂ ਲਈ ਇਹ ਉਨ੍ਹਾਂ ਦੀ ਅਣਸੁਣੀ ਹੋਈ ਨਾਰਾਜ਼ਗੀ ਦੀ ਆਵਾਜ਼ ਸੀ। ਆਲੋਚਕਾਂ ਲਈ ਇਹ ਰਵੱਈਆ ਪਰਵਾਸੀਆਂ, ਘੱਟ ਗਿਣਤੀਆਂ ਅਤੇ ਵਿਰੋਧੀਆਂ ਬਾਰੇ ਸ਼ੱਕ ਨੂੰ ਤਾਕਤ ਦਿੰਦਾ ਰਿਹਾ।

ਮੰਡੇਲਾ ਦਾ ਜਵਾਬ ਹੋਰ ਕਿਸਮ ਦਾ ਸੀ। ਉਸ ਨੇ ਬਹੁਵਾਦ ਨੂੰ ਕਮਜ਼ੋਰੀ ਨਹੀਂ ਮੰਨਿਆ। ਉਨ੍ਹਾਂ ਦਾ ਅਫ਼ਰੀਕੀ ਵਿਚਾਰ "ਉਬੰਟੂ" ਕਹਿੰਦਾ ਹੈ ਕਿ ਮਨੁੱਖ ਦੂਜੇ ਮਨੁੱਖਾਂ ਨਾਲ ਰਿਸ਼ਤੇ ਵਿਚ ਹੀ ਪੂਰਾ ਹੁੰਦਾ ਹੈ।

ਅਮਨ ਟਕਰਾਅ ਤੋਂ ਭੱਜਣਾ ਨਹੀਂ, ਨਿਆਂ ਲਈ ਗੱਲਬਾਤ ਦਾ ਦਰਵਾਜ਼ਾ ਖੁੱਲ੍ਹਾ ਰੱਖਣਾ ਹੈ।

ਮੰਡੇਲਾ ਲਈ ਵਿਰੋਧੀ ਨਾਲ ਗੱਲ ਕਰਨਾ ਸਮਰਪਣ ਨਹੀਂ ਸੀ। ਉਹ ਬਦਲਾਅ ਦੀ ਸ਼ਰਤ ਸੀ। ਅੱਜ ਸੋਸ਼ਲ ਮੀਡੀਆ ਦੀ ਤਿੱਖੀ ਭਾਸ਼ਾ ਅਤੇ "ਅਸੀਂ ਬਨਾਮ ਉਹ" ਦੀ ਰਾਜਨੀਤੀ ਵਿਚ ਇਹ ਗੱਲ ਹੋਰ ਔਖੀ, ਪਰ ਹੋਰ ਜ਼ਰੂਰੀ ਹੈ।

ਅਸਹਿਮਤੀ ਲੋਕਤੰਤਰ ਦੀ ਖ਼ਰਾਬੀ ਨਹੀਂ। ਝੂਠ, ਤੌਹੀਨ ਅਤੇ ਦੂਜੇ ਪਾਸੇ ਨੂੰ ਦੇਸ਼-ਦੁਸ਼ਮਣ ਬਣਾਉਣਾ ਖ਼ਰਾਬੀ ਹੈ। ਤੱਥਾਂ ਦੀ ਜਾਂਚ, ਸੁਣਨ ਦੀ ਆਦਤ ਅਤੇ ਸ਼ਾਂਤ ਪਰ ਡਟਵੀਂ ਅਸਹਿਮਤੀ, ਇਹ ਸਭ ਅਮਨ ਲਈ ਰਾਹ ਬਣਾਉਂਦੇ ਹਨ ਜੋ ਬੁੱਢੇ ਹਾਊਮੈਂ ਨਾਲ ਭਰੇ ਟਰੰਪ ਦੇ ਕੰਨ ਤੱਕ ਵੀ ਨਹੀਂ ਸਿਰਕਦੀ ਪਰ ਫਿਰ ਵੀ ਉਹ ਅਮਨ- ਅਮਾਨ ਸ਼ਾਤੀ ਦੇ ਵਾਰ ਵਾਰ ਸਨਮਾਨ ਦੇ ਹੱਕ ਲਈ ਆਪਣੀ ਦਾਵੇਦਾਰੀ ਦੀ ਗੁਹਾਰ ਲਗਾਉਂਦਾ ਰਹਿੰਦਾ ਹੈ।

### "ਅਮਰੀਕਾ ਫ਼ਰਸਟ" ਤੋਂ ਪਰੇ ਸਾਂਝੀ ਮਨੁੱਖਤਾ

ਕਿਸੇ ਦੇਸ਼ ਦੀ ਸੁਰੱਖਿਆ ਅਤੇ ਖੁਸ਼ਹਾਲੀ ਮਹੱਤਵ ਰੱਖਦੀ ਹੈ। ਪਰ ਉਹ ਪਰਵਾਸੀਆਂ ਦੀ ਇੱਜ਼ਤ ਘਟਾ ਕੇ ਜਾਂ ਦੂਜੇ ਦੇਸ਼ਾਂ ਨੂੰ ਘੱਟਤਰ ਦਿਖਾ ਕੇ ਪੱਕੀ ਨਹੀਂ ਹੁੰਦੀ। ਮੰਡੇਲਾ ਦੇ ਮਨੁੱਖੀ ਹੱਕਾਂ ਵਾਲੇ ਸੁਨੇਹੇ ਵਿਚ ਦੇਸ਼-ਪ੍ਰੇਮ ਅਤੇ ਮਨੁੱਖੀ ਮਰਿਆਦਾ ਇਕ-ਦੂਜੇ ਦੇ ਵਿਰੋਧੀ ਨਹੀਂ ਸਨ।

1990 ਵਿਚ ਮੰਡੇਲਾ ਦੀ ਅਮਰੀਕਾ ਯਾਤਰਾ ਬਾਰੇ ਟਰੰਪ ਸ਼ਟਲ ਦੀ ਉਡਾਣ ਨੂੰ ਤੋਹਫ਼ਾ ਕਹਿਣਾ ਗਲਤ ਹੈ। ਉਹ ਲਗਭਗ 130,000 ਡਾਲਰ ਦਾ ਵਪਾਰਕ ਕਿਰਾਇਆ ਸੀ। ਤੱਥਾਂ ਨੂੰ ਸਹੀ ਰੱਖਣਾ ਵੀ ਜਨਤਕ ਜੀਵਨ ਦੀ ਨੈਤਿਕਤਾ ਹੈ।

ਸੰਯੁਕਤ ਰਾਸ਼ਟਰ ਨੇ 2009 ਵਿਚ 18 ਜੁਲਾਈ ਨੂੰ ਨੈਲਸਨ ਮੰਡੇਲਾ ਇੰਟਰਨੈਸ਼ਨਲ ਡੇ ਐਲਾਨਿਆ। 2019 ਤੋਂ 2028 ਤੱਕ ਦਾ ਸਮਾਂ ਨੈਲਸਨ ਮੰਡੇਲਾ ਸ਼ਾਂਤੀ ਦਹਾਕਾ ਰਿਹਾ। ਇਹ ਸਨਮਾਨ ਸਿਰਫ਼ ਤਸਵੀਰਾਂ ਅਤੇ ਭਾਸ਼ਣਾਂ ਲਈ ਨਹੀਂ ਹਨ।

ਮੰਡੇਲਾ ਦਿਵਸ ਦਾ ਸਖ਼ਤ ਸੰਦੇਸ਼ ਹੈ ਕਿ ਗਰੀਬੀ ਅਤੇ ਅਸਮਾਨਤਾ ਕਿਸੇ ਹੋਰ ਦੀ ਸਮੱਸਿਆ ਨਹੀਂ। ਭੁੱਖੇ ਲਈ ਭੋਜਨ, ਸਕੂਲ ਲਈ ਸਹਾਇਤਾ, ਨਸਲੀ ਭੇਦਭਾਵ ਵਿਰੁੱਧ ਆਵਾਜ਼ ਅਤੇ ਗੁਆਂਢ ਵਿਚ ਭਰੋਸਾ, ਇਹੀ ਵਿਰਾਸਤ ਦਾ ਅਸਲ ਰੂਪ ਹੈ।

ਆਮ ਨਾਗਰਿਕ ਦੀ ਭੂਮਿਕਾ ਵੀ ਘੱਟ ਨਹੀਂ ਹੁੰਦੀ। ਅਣਗੌਲੇ ਕੀਤੇ ਵਿਅਕਤੀ ਨੂੰ ਧਿਆਨ ਨਾਲ ਸੁਣਨਾ, ਭੇਦਭਾਵ ਵਾਲੀ ਭਾਸ਼ਾ ਨੂੰ ਸਵਾਲ ਕਰਨਾ ਅਤੇ ਸਥਾਨਕ ਸੇਵਾ ਵਿਚ ਹਿੱਸਾ ਲੈਣਾ, ਇਹ ਨਿੱਕੇ ਕੰਮ ਸਮਾਜ ਦਾ ਮਿਜ਼ਾਜ ਬਦਲਦੇ ਹਨ। ਵੋਟ ਪਾਉਣਾ, ਜਨਤਕ ਮੀਟਿੰਗ ਵਿਚ ਹਿੱਸਾ ਲੈਣਾ ਅਤੇ ਹੱਕਾਂ ਲਈ ਸ਼ਾਂਤ ਢੰਗ ਨਾਲ ਖੜ੍ਹਨਾ ਵੀ ਲੋਕਤੰਤਰ ਦੀ ਸੇਵਾ ਹੈ। ਮੰਡੇਲਾ ਦੀ ਵਿਰਾਸਤ ਕਿਸੇ ਮਹਾਨ ਭਾਸ਼ਣ ਦੀ ਉਡੀਕ ਨਹੀਂ ਕਰਦੀ।

ਮੰਡੇਲਾ ਦੀ ਮਹਾਨਤਾ ਅਪਾਰਥਾਈਡ ਵਿਰੁੱਧ ਜਿੱਤ ਵਿਚ ਹੀ ਨਹੀਂ ਸੀ। ਅਸਲ ਗੱਲ ਇਹ ਸੀ ਕਿ ਉਨ੍ਹਾਂ ਨੇ ਜਿੱਤ ਮਗਰੋਂ ਮਾਫ਼ੀ, ਮਿਲਾਪ ਅਤੇ ਸਮਾਨਤਾ ਨੂੰ ਚੁਣਿਆ।

ਟਰੰਪ ਦੇ ਦੌਰ ਦੀ ਵੰਡ ਭਰੀ ਰਾਜਨੀਤੀ ਦੇ ਸਾਹਮਣੇ ਉਨ੍ਹਾਂ ਦੀ ਕਰੁਣਾ, ਅਮਨ ਅਤੇ ਲੋਕ ਸੇਵਾ ਮਜ਼ਬੂਤ ਨੈਤਿਕ ਮਾਪਦੰਡ ਹਨ। ਮੰਡੇਲਾ ਦੀ ਵਿਰਾਸਤ ਯਾਦਗਾਰਾਂ ਵਿਚ ਨਹੀਂ ਰਹਿੰਦੀ। ਉਹ ਹਰ ਉਸ ਰੋਜ਼ਾਨਾ ਫ਼ੈਸਲੇ ਵਿਚ ਜਿਉਂਦੀ ਹੈ ਜੋ ਲੋਕਾਂ ਨੂੰ ਤੋੜਨ ਦੀ ਥਾਂ ਜੋੜਦੀ ਹੈ।



**SURJIT SINGH FLORA**
6 Havelock Drive,
Brampton, ON
L6W 4A5 Canada
647-829-9397

# ਔਰਤਾਂ ਦੇ ਲਈ ਵਰਦਾਨ ਹੈ ਸੰਘੇੜਾ

ਸੰਗੇੜਿਆਂ ਦੀ ਖੇਤੀ ਬਹੁਤ ਸਖਤ ਹੁੰਦੀ ਹੈ। ਪਰ ਇਸਦਾ ਫਲ ਬਹੁਤ ਸਸਤਾ ਹੁੰਦਾ ਹੈ। ਇਸ ਸਸਤੇ ਅਤੇ ਹਰ ਥਾਂ ਮਿਲਣ ਵਾਲੇ ਫਲ ਦੇ ਅਨੇਕ ਗੁਣ ਹਨ ।ਇਹਨਾਂ ਅਨੇਕ ਆਯੁਰਵੈਦਿਕ ਗੁਣਾਂ ਦਾ ਸਭ ਤੋਂ ਜ਼ਿਆਦਾ ਲਾਭ ਔਰਤਾਂ ਨੂੰ ਮਿਲਦਾ ਹੈ। ਬਸ ਥੋੜੀ ਜਾਣਕਾਰੀ ਹੋਣੀ ਚਾਹੀਦੀ ਹੈ। ਸੰਘੇੜੇ ਜੋ ਕੰਡੀਲੇ ਤੇ ਸਖ਼ਤ ਛਿਲਕੇ ਦੇ ਅੰਦਰ ਬਹੁਤ ਨਰਮ, ਦੂਧੀਆ ਫਲ ਹੁੰਦਾ ਹੈ ।ਜਿਸ ਨੂੰ ਚੱਬਣਾ ਵੀ ਸੌਖਾ ਹੈ। ਆਓ ਜਾਣਦੇ ਹਾਂ ਸੰਘੇੜੇ ਦੇ ਗੁਣਾਂ ਦੇ ਬਾਰੇ ਵਿੱਚ।

ਸੰਘੇੜਾ ਉਬਾਲਕੇ, ਕੱਚਾ, ਸੁਕਾ ਕੇ ਆਟਾ ਬਣਾਕੇ ਆਦਿ ਕਈ ਪ੍ਰਕਾਰ ਦੇ ਢੰਗਾਂ ਨਾਲ ਖਾਧਾ ਜਾ ਸਕਦਾ ਹੈ। ਇਸ ਨੂੰ ਛੋਟੇ ਵੱਡੇ ਸਾਰੇ ਹੀ ਬਹੁਤ ਚਾਅ ਨਾਲ ਖਾਂਦੇ ਹਨ।

**ਕਮਜ਼ੋਰ ਬੱਚੇਦਾਨੀ-----**

ਕੁਝ ਇਸਤਰੀਆਂ ਦੀ ਬੱਚੇਦਾਨੀ ਕਮਜ਼ੋਰ ਹੁੰਦੀ ਹੈ। ਉਹਨਾਂ ਦੀ ਗਰਭ ਧਾਰਨ ਕਰਨ ਦੀ ਸ਼ਕਤੀ ਨਹੀਂ ਹੁੰਦੀ ਜਾਂ ਬਹੁਤ ਘੱਟ ਹੁੰਦੀ ਹੈ ।ਜੇਕਰ ਉਹ ਸੰਘੇੜੇ ਦਾ ਵਰਤੋਂ ਸਹੀ ਤਰੀਕੇ ਨਾਲ ਕਰ ਲੈਣ ਤਾਂ ਗਰਭ ਧਾਰਨ ਕਰ ਲੈਣ ਦੀ ਸ਼ਕਤੀ ਵਿੱਚ ਵਾਧਾ ਹੋ ਜਾਂਦਾ ਹੈ।

**ਗਰਭਪਾਤ ਦਾ ਡਰ---**

ਜਦੋਂ ਕਿਸੇ ਔਰਤ ਨੂੰ ਗਰਭਪਾਤ ਦਾ ਡਰ ਹੋਵੇ ਜਾਂ ਪਹਿਲਾ ਹੀ ਗਰਭਪਾਤ ਹੋ ਚੁੱਕਿਆ ਹੋਵੇ ਤਾਂ ਉਸਨੂੰ ਸੰਘੇੜੇ ਦੇ ਆਟੇ ਦਾ ਹਲਵਾ ਨਿਯਮਤ ਰੂਪ ਵਿੱਚ ਖਾਣ ਨਾਲ ਗਰਭਪਾਤ ਹੋਣ ਦੀ ਸੰਭਾਵਨਾ ਤੋਂ ਬਚ ਸਕਦੀ ਹੈ।

**ਲਕੋਰੀਆ------**

ਜਦੋਂ ਕਿਸੇ ਔਰਤ ਨੂੰ ਸਫੈਦ ਪਾਣੀ ਜਾਂ ਲਕੋਰੀਆ ਦਾ ਰੋਗ ਹੋ ਜਾਵੇ ਤਾਂ ਉਸ ਔਰਤ ਨੂੰ ਸੰਘੇੜਿਆਂ ਦੇ ਆਟੇ ਦੀ ਰੋਟੀ ਖਾਣ ਨਾਲ ਛੇਤੀ ਫਾਇਦਾ ਹੁੰਦਾ ਹੈ।

**ਅਨੀਮੀਆ (ਖੂਨ ਦੀ ਕਮੀ) ---**

ਜੇਕਰ ਗਰਭਵਤੀ ਔਰਤ ਜਾਂ ਕਿਸੇ ਵੀ ਔਰਤ ਨੂੰ ਖੂਨ ਦੀ ਕਮੀ ਹੋ ਜਾਵੇ ਤਾਂ ਇਸ ਕਾਰਨ ਉਸਦਾ ਸਰੀਰ ਕਮਜ਼ੋਰ ਰਹਿੰਦਾ ਹੈ । ਉਸ ਨੂੰ ਸੰਘੇੜਾ, ਕੱਚਾ, ਉਬਲਿਆ ਰੋਟੀ ਜਾਂ ਹਲਵਾ ਖਾਣ ਨਾਲ ਪੂਰੀ ਤਰ੍ਹਾਂ ਠੀਕ ਹੋ ਸਕਦੀ ਹੈ। ਖੂਨ ਬਣਨ ਲੱਗ ਜਾਂਦਾ ਹੈ॥

**ਕਮਰ ਦਰਦ---**

ਜੇਕਰ ਕਿਸੇ ਔਰਤ ਨੂੰ ਕਮਰ ਦਰਦ ਲਗਾਤਾਰ ਰਹਿੰਦਾ ਹੈ ਤਾਂ ਉਸ ਨੂੰ ਸੰਘੇੜਿਆਂ ਦਾ ਹਲਵਾ ਲਗਾਤਾਰ 21 ਦਿਨ ਤਕ ਖਾਣ ਨਾਲ ਫਾਇਦਾ ਹੁੰਦਾ ਹੈ।

**ਸਰੀਰਕ ਕਮਜ਼ੋਰੀ-----**

ਜੇਕਰ ਕੋਈ ਵੀ ਔਰਤ ਪਤਲੀ ਕਮਜ਼ੋਰ ਅਤੇ ਸਰੀਰਕ ਪੱਖੋਂ ਕਮਜ਼ੋਰ ਹੋ ਰਹੀ ਹੈ, ਤਾਂ ਸੰਘੇੜੇ ਦੀ ਰੋਟੀ ਖਾ ਕੇ ਉਹ ਆਪਣੀ ਸਿਹਤ ਠੀਕ ਕਰ ਸਕਦੀ ਹੈ । ਸੰਘੇੜੇ ਦਾ ਚੂਰਨ ਦੁੱਧ ਪੁੱਤ ਨਾਲ ਲੈਣ ਕਰਕੇ ਹੋਰ ਵੀ ਫਾਇਦਾ ਹੁੰਦਾ ਹੈ। ਸੰਘੇੜਾ ਸਰੀਰ ਨੂੰ ਤੰਦਰੁਸਤ ਤੇ ਮਜ਼ਬੂਤ ਬਣਾਉਂਦਾ ਹੈ।

ਇਹ ਸਿਰਫ ਆਪਣੇ ਡਾਕਟਰ ਵੀ ਦੇਖ ਰੇਖ ਵਿੱਚ ਹੀ ਲੈਣੇ ਚਾਹੀਦੇ ਹਨ।

ਸ਼ੁਭ ਚਿੰਤਕ ਪਾਠਕਾ।



**ਸ਼ਾਰਦਾ ਸ਼ਰਮਾ ਝਬੇਲਵਾਲੀ।**
**ਪਿੰਡ ਅਤੇ ਡਾਕਖਾਨਾ ਝਬੇਲਵਾਲੀ।**
**ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ।**
6284145349

# ਵਿਚੋਲੇ ਦੇ ਓਹਲੇ

ਕੁਲਵੰਤ ਨੂੰ ਵਿਆਹੀ ਆਈ ਨੂੰ ਪਿੰਡ ਵਿੱਚ ਪੰਦਰਾਂ ਵਰ੍ਹੇ ਹੋ ਗਏ ਸਨ,ਉਹ ਪਿੰਡ ਦੇ ਕੱਲੇ ਕੱਲੇ ਜੀਅ ਨੂੰ ਜਾਣਦੀ ਸੀ। ਉਹ ਚਾਹੇ ਅਨਪੜ੍ਹ ਸੀ ਪਰ ਚਲਾਕ ਬਹੁਤ ਸੀ। ਉਸ ਦੀ ਪੇਕਿਆਂ ਵਿੱਚੋਂ ਦੂਰ ਦੀ ਰਿਸ਼ਤੇਦਾਰੀ ਵਿੱਚੋਂ ਪ੍ਰੀਤੀ ਜੋ ਉਸ ਦੀ ਭੈਣ ਲੱਗਦੀ ਸੀ, ਉਹ ਪਿੰਡ ਦੇ ਦੂਜੇ ਪਾਸੇ ਮਾਸਟਰਾਂ ਦੇ ਘਰ ਵਿਆਹੀ ਹੋਈ ਸੀ। ਉਹ ਆਪ ਵੀ ਪੜ੍ਹੀ ਲਿਖੀ ਕੁੜੀ ਸੀ। ਵੈਸੇ ਵੀ ਪ੍ਰੀਤੀ ਉਮਰ ਵਿੱਚ ਉਸ ਤੋਂ ਬਹੁਤ ਛੋਟੀ ਸੀ। ਪ੍ਰੀਤੀ ਦਾ ਸਾਰਾ ਟੱਬਰ ਪੜ੍ਹਿਆ ਲਿਖਿਆ ਹੋਣ ਕਰਕੇ ਘੱਟ ਵੱਧ ਹੀ ਕਿਸੇ ਦੇ ਆਉਂਦੇ ਜਾਂਦੇ ਸਨ। ਇੱਕ ਤਾਂ ਨੌਕਰੀ ਕਰਦੀ ਹੋਣ ਕਰਕੇ ਸਮੇਂ ਦੀ ਘਾਟ ਕਾਰਨ ਤੇ ਦੂਜਾ ਪਿੰਡ ਦੇ ਦੂਜੇ ਪਾਸੇ ਘਰ ਹੋਣ ਕਰਕੇ ਵੀ ਉਹ ਇੱਕ ਦੂਜੇ ਦੇ ਘਰ ਕਦੇ ਨਹੀਂ ਗਈਆਂ ਸਨ ਪਰ ਪੇਕਿਆਂ ਵਿੱਚ ਕਿਸੇ ਖੁਸ਼ੀ ਗਮੀ ਨੂੰ ਉਹ ਦੋਵੇਂ ਜਾਣੀਆਂ ਜ਼ਰੂਰ ਮਿਲ ਲੈਂਦੀਆਂ ਸਨ।

ਇੱਕ ਦਿਨ ਕੁਲਵੰਤ ਪ੍ਰੀਤੀ ਦੀ ਮਾਂ ਕੋਲ ਉਸ ਦੀ ਛੋਟੀ ਭੈਣ ਦੀਪ ਲਈ ਪਿੰਡ ਵਿੱਚੋਂ ਹੀ ਕਿਸੇ ਦੇ ਮੁੰਡੇ ਦੀ ਦੱਸ ਪਾਉਣ ਆਈ ਤੇ ਮੁੰਡੇ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਣ ਤੇ ਪੂਰਾ ਜ਼ੋਰ ਲਾ ਦਿੱਤਾ। ਆਖਣ ਲੱਗੀ,"ਚਾਚੀ ਜੀ.... ਮੁੰਡਾ ਐਨਾ ਸੁਨੱਖਾ..... ਕਿ ਤੁਹਾਡੇ ਘਰ ਵਿੱਚ ਬੈਠਾ ਪੂਰਾ ਫੱਬੂ..... ਉਸ ਕੋਲ ਆਪਣੀ ਗੱਡੀ ਰੱਖੀ ਹੋਈ ਆ..... ਉਹ ਤਾਂ ਮਿਹਨਤੀ ਵੀ ਬਹੁਤ ਆ..... ਪੜ੍ਹਿਆ ਲਿਖਿਆ ਵੀ ਬਹੁਤ ਆ..... ਉਹਦੇ ਘਰ ਕਿਹੜੀ ਚੀਜ਼ ਆ ਜਿਹੜੀ ਨਹੀਂ ਹੈਗੀ..... ਓਹਨੂੰ ਤਾਂ ਰੋਜ਼ ਨਵੇਂ ਨਵੇਂ ਰਿਸ਼ਤਿਆਂ ਦੀ ਚੰਗਾ ਦਾਜ ਦਹੇਜ ਦੇਣ ਵਾਲ਼ਿਆਂ ਦੀ ਦੱਸ ਪਾਉਂਦੇ ਆ ਲੋਕ.... ਮੁੰਡਾ ਈ ਨੀ ਮੰਨਦਾ.....ਕਹਿੰਦਾ ਪੜ੍ਹੀ ਲਿਖੀ ਕੁੜੀ ਲੈਣੀ ਆਂ...!" ਪ੍ਰੀਤੀ ਦੀ ਮਾਂ ਨੇ ਕਿਹਾ," ਕੋਈ ਗੱਲ ਨੀ ਕੁਲਵੰਤ.... ਧੀਆਂ ਵਾਲਿਆਂ ਲਈ ਤਾਂ ਮੁੰਡੇ ਵਾਲੇ ਸਦਾ ਈ ਉੱਚੇ ਹੁੰਦੇ ਨੇ.... ਜਿਹਨਾਂ ਨੂੰ ਆਪਣੇ ਜਿਗਰ ਦਾ ਟੁਕੜਾ ਦੇਣਾ ਹੁੰਦਾ.... ਕੋਈ ਵੀ ਮਾਂ ਬਾਪ ਆਪਣੀ ਧੀ ਲਈ ਜਾਣ ਬੁੱਝ ਕੇ..... ਮਾੜਾ ਵਰ ਤਾਂ ਨੀ ਲੱਭਦਾ....ਪਰ ਅਸੀਂ ਆਪਣੀ ਪ੍ਰੀਤੀ ਤੇ ਉਹਦੇ ਪਰਿਵਾਰ ਨੂੰ ਪੁੱਛੇ ਬਿਨਾਂ ਗੱਲ ਅਗਾਂਹ ਨੀ ਤੋਰਨੀ..... ਨਹੀ ਤਾਂ ਸਾਡੀ ਕੁੜੀ ਤੇ ਉਹਦੇ ਸਹੁਰਿਆਂ ਦੀ ਹੱਤਕ ਐ.... ਤੇ ਓਦੂੰ ਵੱਧ ਸਾਡੀ.....!"

"ਲੈ ਚਾਚੀ ਜੀ..... ਪੁੱਛਣ ਨੂੰ ਕੀ ਐ..... ਮੈਂ ਕਿਹੜਾ ਬੇਗਾਨੀ ਆਂ...... ਪ੍ਰੀਤੀ ਨੂੰ ਤਾਂ ਮੈਂ ਮਨਾ ਲਊਂ....!" ਕੁਲਵੰਤ ਨੇ ਰਿਸ਼ਤਾ ਕਰਵਾਉਣ ਨੂੰ ਯਕੀਨੀ ਬਣਾਉਂਦੇ ਹੋਏ ਕਿਹਾ।

ਕੁਲਵੰਤ ਦੇ ਜਾਣ ਤੋਂ ਬਾਅਦ ਪ੍ਰੀਤੀ ਦੀ ਮਾਂ ਨੇ ਉਸ ਨੂੰ ਫ਼ੋਨ ਕਰਕੇ ਪੁੱਛਿਆ ਤਾਂ ਪ੍ਰੀਤੀ ਨੇ ਦੱਸਿਆ, "ਮੰਮੀ ਜੀ.... ਉਸ ਮੁੰਡੇ ਦਾ ਤੇ ਆਪਣੀ ਦੀਪ ਦਾ ਕਿੰਨਾ ਫ਼ਰਕ ਐ.... ਦੀਪ ਚੰਡੀਗੜ੍ਹ ਦੀ ਪੜ੍ਹੀ ਲਿਖੀ ਕੁੜੀ ਤੇ ਮੁੰਡਾ ਪਿੰਡ ਦੇ ਸਕੂਲ ਤੋਂ ਦਸ ਪੜ੍ਹਕੇ ਹਟਿਆ ਹੋਇਆ..... ਦੀਪ ਕੰਪਨੀ ਵਿੱਚ ਮੈਨੇਜਰ ਲੱਗੀ ਹੋਈ ਹੈ ਤੇ ਉਹ ਕਿਸੇ ਦੀ ਫੈਕਟਰੀ ਵਿੱਚ ਕੰਮ ਕਰਦਾ....!"

ਪ੍ਰੀਤੀ ਦੀ ਮਾਂ ਨੇ ਫਿਰ ਕਿਹਾ,".... ਬੇਟਾ ਅਸੀਂ ਤੈਨੂੰ ਵਿੱਚ ਰੱਖੇ ਬਿਨਾਂ ਰਿਸ਼ਤਾ ਨਹੀਂ ਕਰਾਂਗੇ.... ਕੁਲਵੰਤ ਦੇ ਦੱਸਣ ਅਨੁਸਾਰ ਜੇ ਕੰਮ ਚੰਗਾ ਹੈ ਤਾਂ ਆਪਾਂ ਦੇਖ ਲੈਂਦੇ ਆਂ.... ਕੋਈ ਨਾ ਚਾਰ ਜਮਾਤਾਂ ਵੱਧ ਘੱਟ ਪੜ੍ਹੇ ਦੀ ਤਾਂ ਕੋਈ ਗੱਲ ਨਹੀਂ.....!"

"ਮੰਮੀ ਜੀ...... ਮੈਂ ਬਿਲਕੁਲ ਵੀ ਰਾਜ਼ੀ ਨਹੀਂ ਇਸ ਰਿਸ਼ਤੇ ਲਈ.....!" ਪ੍ਰੀਤੀ ਨੇ ਸੌ ਦੀ ਇੱਕ ਗੱਲ ਕਹਿਕੇ ਗੱਲ ਖ਼ਤਮ ਕੀਤੀ।

ਓਧਰੋਂ ਕੁਲਵੰਤ ਕਦੇ ਮੁੰਡੇ ਦੀ ਮਾਂ ਤੋਂ ਪ੍ਰੀਤੀ ਦੀ ਸੱਸ ਨੂੰ ਫ਼ੋਨ ਕਰਵਾਏ ਕਦੇ ਆਪ ਤੀਜੇ ਕੁ ਦਿਨ ਪ੍ਰੀਤੀ ਦੇ ਪੇਕਿਆਂ ਦੇ ਘਰੇ ਆ ਕੇ ਦੀਪ ਦੇ ਰਿਸ਼ਤੇ ਤੇ ਜ਼ੋਰ ਪਾਵੇ। ਹਾਰ ਕੇ ਪ੍ਰੀਤੀ ਦੀ ਮਾਂ ਨੇ ਕੁਲਵੰਤ ਨੂੰ ਇਹ ਕਹਿਕੇ ਕੋਰਾ ਜਵਾਬ ਦੇ ਦਿੱਤਾ ਕਿ ਉਹਨਾਂ ਨੇ ਨੀ ਹਜੇ ਦੋ ਸਾਲ ਦੀਪ ਦਾ ਵਿਆਹ ਕਰਨਾ।

ਕੁਲਵੰਤ ਨੇ ਪ੍ਰੀਤੀ ਤੇ ਉਸ ਦੇ ਪੇਕਿਆਂ ਨਾਲ਼ ਮੂੰਹ ਮੋਟਾ ਕਰ ਲਿਆ ਤੇ ਵਰਤਣਾ ਛੱਡ ਦਿੱਤਾ। ਸਾਲ ਕੁ ਬਾਅਦ ਉਸੇ ਮੁੰਡੇ ਦਾ ਰਿਸ਼ਤਾ ਕਿਤੇ ਹੋਰ ਹੋ ਕੇ ਵਿਆਹ ਹੋ ਗਿਆ। ਕੁਲਵੰਤ ਨੂੰ ਜਿੱਥੇ ਕਿਤੇ ਵੀ ਰਿਸ਼ਤੇਦਾਰੀ ਵਿੱਚ ਪ੍ਰੀਤੀ ਜਾਂ ਓਹਦੀ ਮਾਂ ਦਿਸਣ ਤਾਂ ਉਹਨਾਂ ਨੂੰ ਸੁਣਾ ਕੇ ਆਖੇ," ਚੰਗੇ ਘਰਾਂ ਦੇ ਮੁੰਡੇ ਕਿਤੇ ਰੁਕਦੇ ਹੁੰਦੇ ਨੇ.... ਜਿਹੜੇ ਮੁੰਡੇ ਨੂੰ ਮੈਂ ਦੀਪ ਦਾ ਰਿਸ਼ਤਾ ਕਰਵਾਉਂਦੀ ਸੀ.... ਓਹਦਾ ਤਾਂ ਐਨੀ ਸੁਨੱਖੀ ਕੁੜੀ ਨਾਲ ਰਿਸ਼ਤਾ ਹੋਇਆ..... ਲੋਕ ਖੜ੍ਹ ਖੜ੍ਹ ਕੇ ਵੇਖਦੇ ਨੇ.... ਨਾਲ਼ੇ ਦਾਜ ਨਾਲ ਅਗਲਿਆਂ ਨੇ ਘਰ ਭਰ ਦਿੱਤਾ....।" ਇਹ ਉਸ ਦੀਆਂ ਗੱਲਾਂ ਸੁਣੀਆਂ ਅਣਸੁਣੀਆਂ ਕਰ ਦਿੰਦੇ।

ਵਿਆਹ ਨੂੰ ਹਜੇ ਮਹੀਨਾ ਕੁ ਹੀ ਹੋਇਆ ਸੀ ਕਿ ਪਿੰਡ ਦੀ ਇੱਕ ਬੁੜੀ ਪ੍ਰੀਤੀ ਦੇ ਘਰ ਆ ਕੇ ਦੱਸਣ ਲੱਗੀ,"ਨੀ ਧੀਏ..... ਜਿਹੜੇ ਮੁੰਡੇ ਨੂੰ ਕੁਲਵੰਤ ਤੇਰੀ ਭੈਣ ਦਾ ਰਿਸ਼ਤਾ ਕਰਵਾਉਂਦੀ ਸੀ..... ਓਹਦਾ ਤਾਂ ਅੱਜ ਛੱਡ- ਛੁਡਈਆ ਹੋ ਗਿਆ......!"

"ਹੈਂ ਤਾਈ ਜੀ.... ਸੱਚੀਂ....?"

"ਆਹੋ..... ਧੀਏ.... ਤੂੰ ਤਾਂ ਅੜਗੀ ਸੀ .... ਰਿਸਤਾ ਨਾ ਕਰਨ ਤੇ.... ਤਾਂ ਚੰਗੀ ਰਹੀ.... ਪਰ ਕੁਲਵੰਤ ਨੇ ਤੈਨੂੰ ਸਾਰੇ ਪਿੰਡ ਵਿੱਚ ਬਹੁਤ ਭੰਡਿਆ....!"

"ਪਰ ਤਾਈ ਜੀ .... ਉਹਨਾਂ ਦਾ ਵਿਆਹ ਐਨੀ ਜਲਦੀ ਕਿਉਂ ਟੁੱਟ ਗਿਆ....?"

"ਧੀਏ...... ਇੱਕ ਤਾਂ ਮੁੰਡਾ ਨਸ਼ਾ ਕਰਦਾ.....ਵਿਆਹ ਤੋਂ ਚੌਥੇ ਦਿਨ ਮੁੰਡਾ ਟੀਕਾ ਲਾਉਂਦਾ ਫੜ ਲਿਆ ਸੀ ਬਹੂ ਨੇ....ਦੂਜਾ..... (ਤਾਈ ਕੁਛ ਕਹਿੰਦੀ ਕਹਿੰਦੀ ਰੁਕ ਗਈ) ਕੀ ਦੱਸਾਂ ਤੈਨੂੰ....!"

"ਐਹੋ ਜਿਹੀ ਕਿਹੜੀ ਗੱਲ ਹੈ ਤਾਈ ਜੀ....?"

"ਬੱਸ ਧੀਏ..... ਆਹ ਫੋਨਾਂ ਦੇ ਗੰਦ ਨੇ ਮਾਰ ਲਿਆ..... ਬਹੂ ਨੇ ਓਹਦੇ ਫੋਨ ਚੋਂ ਕਿਸੇ ਹੋਰ ਨਾਲ ਗੱਲਾਂ ਕਰਦਾ ਤੇ ਪਿਛਲੇ ਐਤਵਾਰ ਓਹਦੇ ਨਾਲ ਘੁੰਮਣ ਗਏ ਦੀਆਂ ਫੋਟੋਆਂ ਦੇਖਲੀਆਂ.....!"

"ਅੱਛਾ..... ਤਾਈ ਜੀ ਫਿਰ ਕੀ ਹੋਇਆ....?" ਪ੍ਰੀਤੀ ਹੈਰਾਨ ਹੋ ਕੇ ਪੁੱਛਦੀ ਹੈ।


"ਬੱਸ ਧੀਏ..... ਪੁਆੜਾ ਪੈ ਗਿਆ.... ਬਹੂ ਪੇਕੇ ਚਲੀ ਗਈ....ਓਹਨੇ ਇਹਨਾਂ ਦੇ ਘਰ ਰਹਿਣ ਤੋਂ ਕੋਰਾ ਜਵਾਬ ਦੇ ਦਿੱਤਾ......ਓਹਦੇ ਬਾਪ ਭਰਾ ਪੰਚਾਇਤ ਨਾਲ਼ ਆਏ ਸੀ..... ਫੈਸਲਾ ਕਰਕੇ..... ਸਾਰਾ ਸਮਾਨ ਟਰੱਕ ਭਰ ਕੇ ਲੈ ਗਏ ....!"

"ਫੇਰ ਤਾਂ ਤਾਈ ਜੀ ਮੈਂ ਚੰਗਾ ਕੀਤਾ..... ਮੇਰੇ ਪੇਕਿਆਂ ਦਾ ਸਾਰਾ ਟੱਬਰ ਤਾਂ ਰਿਸ਼ਤਾ ਕਰਨ ਨੂੰ ਤਿਆਰ ਬੈਠਾ ਸੀ ਜੇ ਮੈਂ ਵੀ ਹਾਂ ਕਰ ਦਿੰਦੀ....!"

"..... ਹੋਰ ਨੀ ਧੀਏ..... ਤੂੰ ਤਾਂ ਚੰਗੇ ਤੋਂ ਵੀ ਚੰਗਾ ਕਰਕੇ ਪੁੰਨ ਖੱਟ ਲਿਆ.... ਨਹੀਂ ਤਾਂ ਸਾਰੀ ਉਮਰ ਦਾ ਦੁੱਖ ਪੱਲੇ ਪਾ ਲੈਣਾ ਸੀ....।"

".......(ਪ੍ਰੀਤੀ ਨੂੰ ਕੁਲਵੰਤ ਤੇ ਗੁੱਸਾ ਆਉਂਦਾ ਹੈ) ਐਹੋ ਜਿਹੇ ਵੀ ਰਿਸ਼ਤੇਦਾਰ ਹੁੰਦੇ ਨੇ..... ਜਿਹੜੇ ਜਾਣ ਬੁੱਝ ਕੇ.... ਆਪਣੀਆਂ ਕੁੜੀਆਂ ਨੂੰ ਖੂਹ ਵਿੱਚ ਸੁਟਵਾ ਦਿੰਦੇ ਨੇ....!"

"ਨੀ ਧੀਏ..... ਉਹਨਾਂ ਨੂੰ ਚੰਗੇ ਮਾੜੇ ਤੱਕ ਕੋਈ ਮਤਲਬ ਨੀ ਹੁੰਦਾ..... ਇਹੀ ਤਾਂ ਵਿਚੋਲਿਆਂ ਦੇ ਓਹਲੇ ਹੁੰਦੇ ਨੇ...!"



**ਬਰਜਿੰਦਰ ਕੌਰ ਬਿਸਰਾਓ...**
9988901324

## ਕੈਨੇਡਾ ਨੇ ਮਾਪਿਆਂ ਅਤੇ ਦਾਦਾ-ਦਾਦੀ, ਨਾਨਾ-ਨਾਨੀ ਦੀ ਸਪਾਂਸਰਸ਼ਿਪ ਲਈ ਨਵੀਆਂ ਅਰਜ਼ੀਆਂ ਅਣਮਿੱਥੇ ਸਮੇਂ ਲਈ ਰੋਕੀਆਂ

ਕੈਨੇਡਾ ਦੀ ਫੈਡਰਲ ਸਰਕਾਰ ਨੇ ਮਾਪਿਆਂ ਅਤੇ ਦਾਦਾ-ਦਾਦੀ, ਨਾਨਾ-ਨਾਨੀ ਨੂੰ ਸਥਾਈ ਨਿਵਾਸ ਦਿਵਾਉਣ ਵਾਲੇ ਪੇਰੈਂਟਸ ਐਂਡ ਗ੍ਰੈਂਡਪੇਰੈਂਟਸ ਪ੍ਰੋਗਰਾਮ ਵਿੱਚ 2026 ਦੌਰਾਨ ਨਵੀਆਂ ਅਰਜ਼ੀਆਂ ਨਾ ਲੈਣ ਦਾ ਫੈਸਲਾ ਕੀਤਾ ਹੈ। ਇਮੀਗ੍ਰੇਸ਼ਨ ਵਿਭਾਗ ਦੇ ਅਨੁਸਾਰ, ਸਰਕਾਰ ਦਾ ਧਿਆਨ ਪਹਿਲਾਂ ਹੀ ਜਮ੍ਹਾਂ ਹੋ ਚੁੱਕੀਆਂ ਅਰਜ਼ੀਆਂ ਦੀ ਗਿਣਤੀ ਘਟਾਉਣ ਅਤੇ ਉਨ੍ਹਾਂ ਦੀ ਕਾਰਵਾਈ ਦਾ ਸਮਾਂ ਕਾਬੂ ਵਿੱਚ ਲਿਆਉਣ 'ਤੇ ਹੈ।ਇਸ ਵੇਲੇ ਇਸ ਪ੍ਰੋਗਰਾਮ ਅਧੀਨ 60,500 ਤੋਂ ਵੱਧ ਅਰਜ਼ੀਆਂ ਵਿਚਾਰ ਅਧੀਨ ਹਨ। ਇਨ੍ਹਾਂ ਵਿੱਚੋਂ ਇੱਕ ਅਰਜ਼ੀ ਦੀ ਪ੍ਰਕਿਰਿਆ ਪੂਰੀ ਹੋਣ ਲਈ ਔਸਤਨ 33 ਮਹੀਨੇ ਲੱਗ ਰਹੇ ਹਨ। ਕਿਊਬੈਕ ਵਿੱਚ ਸਥਿਤੀ ਹੋਰ ਲੰਮੀ ਹੈ, ਜਿੱਥੇ ਉਡੀਕ ਦਾ ਸਮਾਂ 66 ਮਹੀਨਿਆਂ ਤੱਕ ਪਹੁੰਚ ਗਿਆ ਹੈ। ਨਵੀਆਂ ਅਰਜ਼ੀਆਂ 'ਤੇ ਰੋਕ ਦੇ ਬਾਵਜੂਦ ਸਰਕਾਰ ਨੇ 2026 ਅਤੇ 2027 ਵਿੱਚ ਕੁੱਲ 15,000 ਲੋਕਾਂ ਨੂੰ ਸਥਾਈ ਨਿਵਾਸ ਦੇਣ ਦਾ ਟੀਚਾ ਰੱਖਿਆ ਹੈ। ਇਹ ਰੋਕ ਅਗਲੇ ਹੁਕਮ ਤੱਕ ਲਾਗੂ ਰਹੇਗੀ। ਇਸ ਯੋਜਨਾ ਤਹਿਤ ਯੋਗ ਕੈਨੇਡੀਅਨ ਨਾਗਰਿਕ, ਸਥਾਈ ਨਿਵਾਸੀ ਅਤੇ ਰਜਿਸਟਰਡ ਇੰਡੀਅਨਜ਼ ਆਪਣੇ ਮਾਪਿਆਂ ਜਾਂ ਦਾਦਾ-ਦਾਦੀ, ਨਾਨਾ-ਨਾਨੀ ਨੂੰ ਕੈਨੇਡਾ ਦਾ ਸਥਾਈ ਨਿਵਾਸ ਦਿਵਾਉਣ ਲਈ ਸਪਾਂਸਰ ਕਰ ਸਕਦੇ ਹਨ। ਪਰ ਕਈ ਸਾਲਾਂ ਤੋਂ ਇਸ ਪ੍ਰੋਗਰਾਮ ਵਿੱਚ ਉਪਲਬਧ ਥਾਵਾਂ ਨਾਲੋਂ ਅਰਜ਼ੀ ਦੇਣ ਵਾਲੇ ਪਰਿਵਾਰਾਂ ਦੀ ਗਿਣਤੀ ਕਾਫ਼ੀ ਵੱਧ ਰਹੀ ਹੈ। ਇਸੇ ਕਾਰਨ ਸਰਕਾਰ ਨੇ ਨਵੀਂ ਅਰਜ਼ੀ ਪ੍ਰਕਿਰਿਆ ਖੋਲ੍ਹਣ ਦੀ ਬਜਾਏ ਪੁਰਾਣੇ ਮਾਮਲਿਆਂ ਨੂੰ ਅੱਗੇ ਵਧਾਉਣ ਨੂੰ ਤਰਜੀਹ ਦਿੱਤੀ ਹੈ। ਸੰਭਾਵੀ ਸਪਾਂਸਰਾਂ ਲਈ ਦਿਲਚਸਪੀ ਪ੍ਰਗਟਾਉਣ ਵਾਲਾ ਫਾਰਮ ਆਖ਼ਰੀ ਵਾਰ 2020 ਵਿੱਚ ਖੋਲ੍ਹਿਆ ਗਿਆ ਸੀ। ਉਸ ਸਮੇਂ ਫਾਰਮ ਸਿਰਫ਼ ਤਿੰਨ ਹਫ਼ਤਿਆਂ ਲਈ ਸਵੀਕਾਰ ਕੀਤੇ ਗਏ ਸਨ। ਇਸ ਛੋਟੀ ਮਿਆਦ ਦੌਰਾਨ ਫੈਡਰਲ ਸਰਕਾਰ ਨੂੰ 203,000 ਤੋਂ ਵੱਧ ਫਾਰਮ ਮਿਲੇ। ਬਾਅਦ ਵਿੱਚ 2020 ਤੋਂ 2025 ਤੱਕ ਸੱਦੇ ਇਸੇ ਪੂਲ ਵਿੱਚ ਸ਼ਾਮਲ ਲੋਕਾਂ ਵਿੱਚੋਂ ਲਾਟਰੀ ਰਾਹੀਂ ਚੁਣੇ ਗਏ ਉਮੀਦਵਾਰਾਂ ਨੂੰ ਭੇਜੇ ਜਾਂਦੇ




ਰਹੇ। ਜਿਹੜੇ ਲੋਕ 2020 ਵਿੱਚ ਦਿਲਚਸਪੀ ਵਾਲਾ ਫਾਰਮ ਜਮ੍ਹਾਂ ਨਹੀਂ ਕਰਵਾ ਸਕੇ, ਉਹ ਇਸ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਹੋ ਸਕੇ। ਉਨ੍ਹਾਂ ਨੂੰ ਬਾਅਦ ਦੇ ਸਾਲਾਂ ਵਿੱਚ ਨਵਾਂ ਫਾਰਮ ਭਰਨ ਜਾਂ ਪੁਰਾਣੇ ਪੂਲ ਵਿੱਚ ਸ਼ਾਮਲ ਹੋਣ ਦਾ ਮੌਕਾ ਵੀ ਨਹੀਂ ਦਿੱਤਾ ਗਿਆ। 2026 ਲਈ ਨਵੀਆਂ ਅਰਜ਼ੀਆਂ 'ਤੇ ਲਾਈ ਰੋਕ ਨੇ ਅਜਿਹੇ ਪਰਿਵਾਰਾਂ ਦੀ ਉਡੀਕ ਹੋਰ ਵਧਾ ਦਿੱਤੀ ਹੈ। ਪ੍ਰਕਿਰਿਆ ਦਾ ਸਮਾਂ ਪਹਿਲਾਂ ਹੀ ਲੰਮਾ ਹੈ। ਜੁਲਾਈ 2025 ਵਿੱਚ ਸਪਾਂਸਰਸ਼ਿਪ ਅਰਜ਼ੀ ਜਮ੍ਹਾਂ ਕਰਨ ਵਾਲੇ ਅਤੇ ਕਿਊਬੈਕ ਤੋਂ ਬਾਹਰ ਰਹਿਣ ਦੀ ਯੋਜਨਾ ਬਣਾਉਣ ਵਾਲੇ ਬਿਨੈਕਾਰਾਂ ਨੂੰ ਲਗਭਗ 18 ਮਹੀਨੇ ਹੋਰ ਉਡੀਕ ਕਰਨੀ ਪੈ ਸਕਦੀ ਹੈ। ਕਿਊਬੈਕ ਵਿੱਚ ਵੱਸਣ ਵਾਲੇ ਪਰਿਵਾਰਾਂ ਲਈ ਅੰਦਾਜ਼ਿਤ ਉਡੀਕ ਕਰੀਬ 54 ਮਹੀਨੇ ਹੈ। ਇਹ ਅੰਕੜੇ ਨਵੀਆਂ ਅਰਜ਼ੀਆਂ ਰੋਕਣ ਦੇ ਪਿੱਛੇ ਮੌਜੂਦ ਪ੍ਰਸ਼ਾਸਕੀ ਦਬਾਅ ਨੂੰ ਸਪਸ਼ਟ ਕਰਦੇ ਹਨ। ਇਸ ਦੌਰਾਨ ਕੈਨੇਡਾ ਦੇ ਨਾਗਰਿਕ ਅਤੇ ਸਥਾਈ ਨਿਵਾਸੀ ਆਪਣੇ ਮਾਪਿਆਂ ਜਾਂ ਦਾਦਾ-ਦਾਦੀ, ਨਾਨਾ-ਨਾਨੀ ਲਈ ਸੁਪਰ ਵੀਜ਼ਾ ਦੀ ਅਰਜ਼ੀ ਦੇ ਸਕਦੇ ਹਨ। ਇਸ ਵੀਜ਼ੇ ਰਾਹੀਂ ਯੋਗ ਵਿਅਕਤੀ ਇੱਕ ਵਾਰ ਵਿੱਚ ਪੰਜ ਸਾਲ ਤੱਕ ਕੈਨੇਡਾ ਰਹਿ ਸਕਦੇ ਹਨ ਅਤੇ 10 ਸਾਲਾਂ ਦੀ ਮਿਆਦ ਵਿੱਚ ਕਈ ਵਾਰ ਦੇਸ਼ ਆ-ਜਾ ਸਕਦੇ ਹਨ। ਹਾਲਾਂਕਿ, ਸੁਪਰ ਵੀਜ਼ਾ ਅਸਥਾਈ ਇਮੀਗ੍ਰੇਸ਼ਨ ਰਾਹ ਹੈ ਅਤੇ ਇਸ ਨਾਲ ਸਥਾਈ ਨਿਵਾਸ ਨਹੀਂ ਮਿਲਦਾ। ਸੁਪਰ ਵੀਜ਼ਾ ਲਈ ਬਿਨੈਕਾਰਾਂ ਨੂੰ ਮਨਜ਼ੂਰਸ਼ੁਦਾ ਨਿੱਜੀ ਸਿਹਤ ਬੀਮਾ ਲੈਣਾ ਪੈਂਦਾ ਹੈ, ਕੈਨੇਡਾ ਵਿੱਚ ਰਹਿੰਦੇ ਯੋਗ ਮੇਜ਼ਬਾਨ ਤੋਂ ਸੱਦਾ ਲੈਣਾ ਹੁੰਦਾ ਹੈ ਅਤੇ ਅਸਥਾਈ ਨਿਵਾਸੀ ਵਜੋਂ ਦਾਖ਼ਲੇ ਦੀਆਂ ਸ਼ਰਤਾਂ ਪੂਰੀਆਂ ਕਰਨੀ ਪੈਂਦੀਆਂ ਹਨ। ਮੇਜ਼ਬਾਨ ਨੂੰ ਘੱਟੋ-ਘੱਟ ਆਮਦਨ ਦੀਆਂ ਸ਼ਰਤਾਂ ਵੀ ਪੂਰੀਆਂ ਕਰਣੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ, ਉਸ ਨੂੰ ਆਉਣ ਵਾਲੇ ਪਰਿਵਾਰਕ ਮੈਂਬਰਾਂ ਦੀ ਵਿੱਤੀ ਸਹਾਇਤਾ ਦੀ ਜ਼ਿੰਮੇਵਾਰੀ ਸਵੀਕਾਰ ਕਰਨੀ ਪੈਂਦੀ ਹੈ। ਬਿਨੈਕਾਰਾਂ ਨੂੰ ਇਹ ਵੀ ਸਾਬਤ ਕਰਨਾ ਪੈਂਦਾ ਹੈ ਕਿ ਮਨਜ਼ੂਰ ਕੀਤੀ ਰਹਿਣ ਦੀ ਮਿਆਦ ਖਤਮ ਹੋਣ ਤੋਂ ਬਾਅਦ ਉਹ ਕੈਨੇਡਾ ਛੱਡ ਦੇਣਗੇ। ਇਸ ਤਰ੍ਹਾਂ ਸੁਪਰ ਵੀਜ਼ਾ ਪਰਿਵਾਰਾਂ ਨੂੰ ਮਿਲਣ ਦਾ ਰਸਤਾ ਖੋਲ੍ਹਦਾ ਹੈ, ਪਰ ਇਹ ਪੱਕੇ ਪਰਿਵਾਰਕ ਮਿਲਾਪ ਦਾ ਹੱਲ ਨਹੀਂ ਬਣਦਾ। ਜਦ ਤੱਕ ਫੈਡਰਲ ਸਰਕਾਰ ਸਪਾਂਸਰਸ਼ਿਪ ਅਰਜ਼ੀਆਂ ਮੁੜ ਨਹੀਂ ਖੋਲ੍ਹਦੀ ਜਾਂ ਚੋਣ ਲਈ ਨਵਾਂ ਪ੍ਰਬੰਧ ਨਹੀਂ ਲਿਆਉਂਦੀ, ਹਜ਼ਾਰਾਂ ਕੈਨੇਡੀਅਨ ਆਪਣੇ ਮਾਪਿਆਂ ਅਤੇ ਦਾਦਾ-ਦਾਦੀ, ਨਾਨਾ-ਨਾਨੀ ਨੂੰ ਸਥਾਈ ਨਿਵਾਸ ਲਈ ਅਰਜ਼ੀ ਦੇਣ ਤੋਂ ਵਾਂਝੇ ਰਹਿਣਗੇ।

**SURJIT SINGH FLORA**
**6 Havelock Drive,**
**Brampton, ON**
**L6W 4A5 Canada**
**647-829-9397**



# ਬੋਧੀ ਭਾਈਚਾਰੇ ਦੇ ਆਗੂਆਂ ਨੇ ਡੀਸੀ ਸਾਹਿਬ ਦੀ ਰਿਹਾਇਸ਼ 'ਤੇ ਮੈਮੋਰੰਡਮ ਦਿੱਤਾ





**ਜਲੰਧਰ,19 ਜੁਲਾਈ (ਪਰਮਜੀਤ ਜੱਸਲ)–** ਬੋਧੀ ਭਾਈਚਾਰੇ ਦੇ ਆਗੂਆਂ ਅਤੇ ਬੁੱਧੀਜੀਵੀਆਂ ਵੱਲੋਂ ਇੱਕ ਵਫਦ ਮਾਨਯੋਗ ਵਰਜੀਤ ਸਿੰਘ ਡੀਸੀ ਜਲੰਧਰ ਜੀ ਨੂੰ ਉਨਾਂ ਦੀ ਰਿਹਾਇਸ਼ 'ਤੇ ਇੱਕ ਮੈਮੋਰੰਡਮ ਦਿੱਤਾ ਗਿਆ।ਜਿਸ 'ਚ ਮਾਣਯੋਗ ਸਰਦਾਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਤੋਂ ਮੰਗ ਕੀਤੀ ਗਈ ਕਿ ਬੁੱਧ ਪੂਰਨਿਮਾ ਦੀ ਪੰਜਾਬ ਵਿੱਚ ਗਜ਼ਟਿਡ ਛੁੱਟੀ ਕੀਤੀ ਜਾਵੇ ਅਤੇ ਘੱਟ ਗਿਣਤੀ ਕਮਿਸ਼ਨ ਪੰਜਾਬ ਵਿੱਚ ਬੋਧੀਆਂ ਨੂੰ ਵੀ ਨੁਮਾਇੰਦਗੀ ਦਿੱਤੀ ਜਾਵੇ। ਇਸ ਮੌਕੇ 'ਤੇ ਐਡਵੋਕੇਟ ਹਰਭਜਨ ਸਾਂਪਲਾ, ਹੁਸਨ ਲਾਲ ਬੌਧ,ਚੰਚਲ ਬੌਧ, ਮੁੰਨਾ ਲਾਲ ਬੌਧ, ਬਿੰਜੀ ਕੁਮਾਰ ਬੌਧ ਅਤੇ ਹੋਰ ਬਹੁਤ ਸਾਰੇ ਉਪਾਸਕ ਹਾਜ਼ਰ ਸਨ।

**They went to the residence of CM Punjab at Jalandhar but security personals advised to submit memorandum through DC Jalandhar.**

Representatives of Buddhists of Punjab submitted a memorandum to Chief Minister Punjab at his Jalandhar residence through DC Jalandhar at his residence and demanded a gazetted holiday on the eve of Budhpurnima and appointment of Buddhist representative in Minorities Commission Punjab. Advocate Harbhajan Sampla of Punjab Buddhist Society Regd Punjab Takshila Maha Buddha Vihar Ludhiana, Hussan Lal Bodh President Buddhist Society of India Punjab Jalandhar, Chanchal Bodh Secretary Dr Ambedkar Memorial Trust Jalandhar, Nirmal Binji Manager Ambedkar Bhawan Jalandhar, Amandeep Bodh and Munna Bodh from Buddha Vihar Siddhartha Nagar Jalandhar Submitted memorandum at residence of Deputy Commissioner Jalandhar.

# ਚਾਲ਼ੀ ਪਿੰਡਾਂ ਦੀ ਜ਼ਮੀਨ

ਸਾਲ 2024 ਵਿੱਚ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਮੇਰੀ ਡਿਊਟੀ ਪੁਲਿਸ ਪਾਰਟੀ ਨਾਲ ਪਿੰਡ ਕਿਲ੍ਹਾ ਰਾਏਪੁਰ ਵਿਖੇ ਲੱਗੀ ਹੋਈ ਸੀ। ਅਸੀਂ ਸਰਕਾਰੀ ਸਕੂਲ ਦੇ ਵਿਹੜੇ ਵਿੱਚ ਕੁਰਸੀਆਂ ਡਾਹ ਕੇ ਬੈਠੇ ਹੋਏ ਸਾਂ। ਸਕੂਲ ਦਾ ਚੌਕੀਦਾਰ ਚਾਹ-ਪਾਣੀ ਦੇ ਪ੍ਰਬੰਧ ਲਈ ਕਦੇ ਇੱਧਰ ਤੇ ਕਦੇ ਉੱਧਰ ਭੱਜਿਆ ਫਿਰਦਾ ਸੀ। ਪੋਲਿੰਗ ਸਟਾਫ਼ ਆਪਣੇ-ਆਪਣੇ ਕਮਰਿਆਂ ਵਿੱਚ ਚੋਣ ਸਮੱਗਰੀ ਨੂੰ ਸੈੱਟ ਕਰਨ ਵਿੱਚ ਰੁੱਝਿਆ ਹੋਇਆ ਸੀ। ਸਾਰਾ ਮਾਹੌਲ ਅਗਲੇ ਦਿਨ ਦੀ ਵੋਟਿੰਗ ਦੀਆਂ ਤਿਆਰੀਆਂ ਦਾ ਗਵਾਹ ਬਣਿਆ ਹੋਇਆ ਸੀ।

ਕੁਝ ਦੇਰ ਬਾਅਦ ਪੋਲਿੰਗ ਪਾਰਟੀ ਦਾ ਇੱਕ ਕਰਮਚਾਰੀ ਬਾਹਰ ਆ ਕੇ ਸਾਡੇ ਕੋਲ ਬੈਠ ਗਿਆ। ਗੱਲਾਂ-ਬਾਤਾਂ ਵਿੱਚ ਉਸਨੇ ਆਪਣਾ ਨਾਮ ਕਮਲ ਹੈਬੋਵਾਲ ਦੱਸਿਆ। ਮੈਂ ਸਹਿਜੇ ਹੀ ਪੁੱਛ ਬੈਠਾ,"ਵੀਰ ਜੀ, ਹੈਬੋਵਾਲ ਤਾਂ ਹੁਣ ਲੁਧਿਆਣਾ ਸ਼ਹਿਰ ਦਾ ਹਿੱਸਾ ਬਣ ਚੁੱਕਾ ਹੈ। ਫਿਰ ਆਪਣੇ ਨਾਮ ਨਾਲ 'ਹੈਬੋਵਾਲ' ਜੋੜਨ ਦੀ ਕੀ ਲੋੜ ਹੈ?"

ਉਹ ਕੁਝ ਪਲ ਚੁੱਪ ਰਿਹਾ। ਉਸਦੇ ਚਿਹਰੇ 'ਤੇ ਇੱਕ ਉਦਾਸ ਮੁਸਕਰਾਹਟ ਤੈਰ ਗਈ ਸੀ । ਫਿਰ ਹੌਲੀ ਜਿਹੇ ਬੋਲਿਆ,"ਸ਼ਹਿਰ ਨੇ ਭਾਵੇਂ ਮੇਰੇ ਪਿੰਡ ਨੂੰ ਆਪਣੇ ਵਿੱਚ ਸਮੇਟ ਲਿਆ ਹੈ, ਪਰ ਮੇਰੇ ਦਿਲ ਵਿੱਚ ਮੇਰਾ ਪਿੰਡ ਅੱਜ ਵੀ ਵੱਸਦਾ ਹੈ। ਮੈਂ ਆਪਣੇ ਨਾਮ ਨਾਲ 'ਹੈਬੋਵਾਲ' ਇਸ ਲਈ ਲਿਖਦਾ ਹਾਂ ਤਾਂ ਜੋ ਮੇਰੀ ਪਛਾਣ ਦੇ ਨਾਲ-ਨਾਲ ਮੇਰੇ ਪਿੰਡ ਦਾ ਨਾਮ ਵੀ ਜਿਉਂਦਾ ਰਹੇ।"

ਉਸ ਦਾ ਜਵਾਬ ਸੁਣ ਕੇ ਮੈਂ ਕੁਝ ਪਲਾਂ ਲਈ ਨਿਰੁੱਤਰ ਹੋ ਗਿਆ। ਇਹ ਉਸ ਪੀੜ੍ਹੀ ਦੀ ਹੂਕ ਸੀ, ਜਿਸਨੇ ਆਪਣੀਆਂ ਅੱਖਾਂ ਸਾਹਮਣੇ ਪਿੰਡ ਦੀ ਜ਼ਰਖੇਜ਼ ਮਿੱਟੀ ਨੂੰ ਸੀਮੈਂਟ ਵਿੱਚ ਬਦਲਦਿਆਂ ਵੇਖਿਆ ਹੈ। ਜਿਸਨੇ ਖੇਤਾਂ ਵਿੱਚ ਲਹਿਰਾਉਂਦੀਆਂ ਫ਼ਸਲਾਂ ਦੀ ਥਾਂ ਇਮਾਰਤਾਂ ਦੇ ਜੰਗਲ ਉੱਗਦੇ ਵੇਖੇ ਹਨ। ਜਿਸਨੇ ਪਿੱਪਲਾਂ ਅਤੇ ਬੋਹੜਾਂ ਦੀਆਂ ਛਾਵਾਂ ਦੀ ਥਾਂ ਕੱਚ ਅਤੇ ਕੰਕਰੀਟ ਦੀ ਚਮਕ ਫੈਲਦਿਆਂ ਵੇਖੀ ਹੈ। ਜਿਸਨੇ ਸੱਥਾਂ ਦੀ ਰੌਣਕ ਨੂੰ ਖ਼ਾਮੋਸ਼ੀ ਵਿੱਚ ਬਦਲਦਿਆਂ ਅਤੇ ਚਿੜੀਆਂ ਦੇ ਗੀਤਾਂ ਨੂੰ ਹਾਰਨਾਂ ਦੇ ਸ਼ੋਰ ਵਿੱਚ ਗੁੰਮ ਹੁੰਦੇ ਵੇਖਿਆ ਹੈ।

ਉਸ ਦੀਆਂ ਗੱਲਾਂ ਸੁਣਦਿਆਂ ਮੈਨੂੰ ਪਾਲੀ ਦੇਤਵਾਲੀਆ ਦੀ ਉਹ ਮਸ਼ਹੂਰ ਸਤਰ ਯਾਦ ਆ ਗਈ,'ਚਾਲ਼ੀ ਪਿੰਡਾਂ ਦੀ ਜ਼ਮੀਨ ਲੁਧਿਆਣਾ ਖਾ ਗਿਆ...।' ਉਸ ਦਿਨ ਮੈਨੂੰ ਪਹਿਲੀ ਵਾਰ ਇਸ ਗੀਤ ਦੇ ਬੋਲਾਂ ਦਾ ਅਸਲ ਦਰਦ ਮਹਿਸੂਸ ਹੋਇਆ। ਇਹ ਸਿਰਫ਼ ਇੱਕ ਗੀਤ ਨਹੀਂ, ਸਗੋਂ ਪੰਜਾਬ ਦੇ ਬਦਲਦੇ ਭੂਗੋਲ ਅਤੇ ਸੁੰਗੜਦੇ ਜਾ ਰਹੇ ਸਮਾਜ ਦਾ ਜਿਉਂਦਾ-ਜਾਗਦਾ ਦਸਤਾਵੇਜ਼ ਹੈ। ਇਹ ਉਹਨਾਂ ਬੇਅਵਾਜ਼ ਲੋਕਾਂ ਦੀ ਆਵਾਜ਼ ਹੈ, ਜਿਨ੍ਹਾਂ ਦੇ ਪਿੰਡ ਵਿਕਾਸ ਦੇ ਨਕਸ਼ਿਆਂ ਵਿੱਚ ਤਾਂ ਗਾਇਬ ਹੋ ਗਏ, ਪਰ ਉਨ੍ਹਾਂ ਦੇ ਦਿਲਾਂ ਵਿੱਚ ਅੱਜ ਵੀ ਧੜਕਦੇ ਹਨ।

ਅਸੀਂ ਅਕਸਰ ਵਿਕਾਸ ਨੂੰ ਚੌੜੀਆਂ ਸੜਕਾਂ, ਫਲਾਈਓਵਰਾਂ, ਉੱਚੀਆਂ ਇਮਾਰਤਾਂ ਅਤੇ ਚਮਕਦਾਰ ਬਾਜ਼ਾਰਾਂ ਨਾਲ ਮਾਪਦੇ ਹਾਂ। ਪਰ ਵਿਕਾਸ ਦੀ ਇੱਕ ਕੀਮਤ ਵੀ ਹੁੰਦੀ ਹੈ। ਕਈ ਵਾਰ ਇਹ ਕੀਮਤ ਸਿਰਫ਼ ਜ਼ਮੀਨ ਹੀ ਨਹੀਂ ਹੁੰਦੀ, ਸਗੋਂ ਇਸ ਨਾਲ ਪਿੰਡਾਂ ਦੀ ਪਛਾਣ, ਬੋਲੀਆਂ, ਰਿਸ਼ਤੇ, ਲੋਕ-ਰਿਵਾਜ, ਮੇਲੇ, ਸੱਥ, ਖੂਹ, ਬੋਹੜ ਅਤੇ ਸਦੀਆਂ ਤੋਂ ਸਿਰਜਿਆ ਸੱਭਿਆਚਾਰ ਵੀ ਹੌਲੀ-ਹੌਲੀ ਅਲੋਪ ਹੋ ਜਾਂਦਾ ਹੈ।

ਅੱਜ ਲੁਧਿਆਣਾ ਮਹਾਨਗਰ ਬਣ ਗਿਆ ਹੈ। ਪਰ ਇਸ ਦੀਆਂ ਚੌੜੀਆਂ ਸੜਕਾਂ ਹੇਠਾਂ ਕਿੰਨੀਆਂ ਪਗਡੰਡੀਆਂ ਦੱਬੀਆਂ ਪਈਆਂ ਹਨ, ਕਿੰਨੇ ਖੂਹਾਂ ਦੀਆਂ ਯਾਦਾਂ ਮਿੱਟੀ ਵਿੱਚ ਰਲ ਗਈਆਂ ਹਨ ਅਤੇ ਕਿੰਨੇ ਬੋਹੜਾਂ ਦੀਆਂ ਛਾਵਾਂ ਸਿਰਫ਼ ਕਹਾਣੀਆਂ ਦਾ ਹਿੱਸਾ ਬਣ ਕੇ ਰਹਿ ਗਈਆਂ ਹਨ । ਇਸ ਦਾ ਹਿਸਾਬ ਕਿਸੇ ਸਰਕਾਰੀ ਰਿਕਾਰਡ ਵਿੱਚ ਨਹੀਂ ਮਿਲਦਾ।

ਮੈਂ ਮਹਿਸੂਸ ਕੀਤਾ ਕਿ ਜਦੋਂ ਕੋਈ ਆਪਣੇ ਨਾਮ ਨਾਲ ਆਪਣੇ ਪਿੰਡ ਦਾ ਨਾਮ ਜੋੜਦਾ ਹੈ, ਉਹ ਸਿਰਫ਼ ਇੱਕ ਪਤਾ ਨਹੀਂ ਲਿਖਦਾ, ਸਗੋਂ ਆਪਣੀਆਂ ਜੜ੍ਹਾਂ ਨਾਲ ਆਪਣਾ ਰਿਸ਼ਤਾ ਵੀ ਦਰਜ ਕਰਦਾ ਹੈ। ਉਹ ਇਹ ਐਲਾਨ ਕਰਦਾ ਹੈ ਕਿ ਭਾਵੇਂ ਉਸਦਾ ਪਿੰਡ ਨਕਸ਼ੇ ਤੋਂ ਮਿਟ ਗਿਆ ਹੋਵੇ, ਪਰ ਉਸਦੀ ਰੂਹ ਵਿੱਚ ਉਹ ਅੱਜ ਵੀ ਵੱਸਦਾ ਹੈ।ਕੁਝ ਸਮੇਂ ਬਾਅਦ ਉਹ ਕਰਮਚਾਰੀ ਆਪਣੀ ਡਿਊਟੀ ਨਿਭਾਉਣ ਲਈ ਉੱਠ ਕੇ ਚਲਾ ਗਿਆ, ਪਰ ਉਸਦੀਆਂ ਗੱਲਾਂ ਮੇਰੇ ਮਨ 'ਤੇ ਅਜਿਹੀ ਛਾਪ ਛੱਡ ਗਈਆਂ, ਜੋ ਅੱਜ ਤੱਕ ਮਿਟ ਨਹੀਂ ਸਕੀ। ਅੱਜ ਵੀ ਜਦੋਂ ਕਿਸੇ ਦੇ ਨਾਮ ਨਾਲ ਉਸਦੇ ਪਿੰਡ ਦਾ ਨਾਮ ਜੁੜਿਆ ਵੇਖਦਾ ਹਾਂ ਤਾਂ ਇੰਝ ਲੱਗਦਾ ਹੈ, ਜਿਵੇਂ ਉਹ ਆਪਣੇ ਪੁਰਖਿਆਂ ਦੀ ਮਿੱਟੀ ਨੂੰ ਮੱਥੇ ਨਾਲ ਲਾ ਕੇ ਤੁਰ ਰਿਹਾ ਹੋਵੇ।

ਕਿਉਂਕਿ ਸੱਚ ਇਹ ਹੈ ਕਿ ਪਿੰਡ ਕਦੇ ਨਕਸ਼ਿਆਂ ਵਿੱਚ ਹੀ ਨਹੀਂ ਵੱਸਦੇ ਬਲਕਿ ਪਿੰਡ ਆਪਣੇ ਲੋਕਾਂ ਦੀ ਬੋਲੀ ਵਿੱਚ ਵੱਸਦੇ ਹਨ, ਉਨ੍ਹਾਂ ਦੀਆਂ ਯਾਦਾਂ ਵਿੱਚ ਸਾਹ ਲੈਂਦੇ ਹਨ, ਉਨ੍ਹਾਂ ਦੇ ਸੱਭਿਆਚਾਰ ਵਿੱਚ ਖਿੜਦੇ ਹਨ ਅਤੇ ਉਨ੍ਹਾਂ ਦੇ ਨਾਮਾਂ ਵਿੱਚ ਸਦਾ ਲਈ ਅਮਰ ਹੋ ਜਾਂਦੇ ਹਨ। ਸ਼ਾਇਦ ਇਸੇ ਲਈ ਕਿਹਾ ਜਾਂਦਾ ਹੈ— 'ਜਿਸ ਦਿਨ ਪਿੰਡ ਮਰਦੇ ਹਨ, ਉਸ ਦਿਨ ਸਿਰਫ਼ ਜ਼ਮੀਨ ਨਹੀਂ ਉੱਜੜਦੀ, ਇੱਕ ਪੂਰਾ ਸੱਭਿਆਚਾਰ ਅਨਾਥ ਹੋ ਜਾਂਦਾ ਹੈ।'



ਜਗਤਾਰ ਸਿੰਘ ਹਿੱਸੋਵਾਲ
98783 30324

# ਨਿਮਰ, ਸਹਿਜਤਾ ਮਨੁੱਖੀ ਜੀਵਨ ਦਾ ਵੱਡਾ ਗੁੱਣ

ਹਰ ਇਨਸਾਨ ਨੂੰ ਕੁਦਰਤ ਨੇ ਬਹੁਤ ਗੁਣ ਦੇ ਕੇ ਨਿਵਾਜਿਆ ਹੈ। ਹਰ ਸ਼ਖਸ਼ੀਅਤ ਵਿੱਚ ਕੋਈ ਨਾ ਕੋਈ ਗੁੱਣ ਜਰੂਰ ਝਲਕਦਾ ਹੈ। ਹਰ ਸ਼ਖਸ਼ੀਅਤ ਇੱਕ ਦੂਜੇ ਤੋਂ ਵੱਖ ਹੁੰਦੀ ਹੈ। ਕੁੱਝ ਸ਼ਖਸ਼ੀਅਤਾਂ ਵਿੱਚ ਅਜਿਹੇ ਵਿਲੱਖਣ ਗੁਣ ਹੁੰਦੇ ਹਨ ਕਿ ਪਰਮਾਤਮਾ ਉਹਨਾਂ ਨੂੰ ਉੱਚਾ ਅਹੁਦਾ ਦੇ ਕੇ ਨਿਵਾਜਦਾ ਹੈ। ਅਜਿਹੀ ਸ਼ਖਸ਼ੀਅਤ ਵਿੱਚ ਸਾਦਗੀ, ਨਿਮਰਤਾ, ਸਹਿਣਸ਼ੀਲਤਾ , ਪ੍ਰੀਤ ਪਿਆਰ ਬਹੁਤ ਹੁੰਦਾ ਹੈ। ਅਜਿਹੀ ਸ਼ਖਸ਼ੀਅਤਾਂ ਗੁਣਾਂ ਦੀ ਖਾਣ ਹੁੰਦੇ ਹਨ। ਦੂਜਿਆਂ ਨੂੰ ਅਜਿਹੀ ਸ਼ਖਸ਼ੀਅਤਾਂ ਤੋਂ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ। ਹਾਲ ਹੀ ਵਿੱਚ ਅੰਮ੍ਰਿਤਸਰ ਦੇ ਸਾਬਕਾ ਪ੍ਰਸ਼ਾਸਨਿਕ ਅਧਿਕਾਰੀ ਮੈਡਮ ਨੂੰ ਸਾਰਿਆਂ ਨੇ ਹੀ ਹੜ ਪੀੜਤਾਂ ਦੀ ਮਦਦ ਕਰਦੇ ਹੋਏ ਦੇਖਿਆ। ਕਿਸ ਤਰ੍ਹਾਂ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਹਰ ਤਬਕੇ ਦੇ ਲੋਕਾਂ ਦੀ ਮਦਦ ਕੀਤੀ। ਲੋਕਾਂ ਨੂੰ ਗਲ ਨਾਲ ਲਗਾਇਆ, ਹੌਂਸਲਾ ਦਿੱਤਾ। ਫਿਰ ਅਜਿਹੀ ਸ਼ਖਸ਼ੀਅਤ ਦੀ ਪ੍ਰਸ਼ੰਸ਼ਾ ਕਰਨ ਤੋਂ ਕੋਈ ਨਾ ਰੁੱਕ ਸਕਿਆ। ਸੋਸ਼ਲ ਮੀਡੀਆ ਕੀ?? ਪੰਜਾਬ ਦੇ ਮੁੱਖ ਮੰਤਰੀ ਨੇ ਵੀ ਉਹਨਾਂ ਦੀ ਸਿਫ਼ਤ ਕੀਤੀ। ਜਿੱਥੇ ਵੀ ਉਹ ਮੈਡਮ ਡਿਪਟੀ ਕਮਿਸ਼ਨਰ ਦੀ ਜਿੰਮੇਵਾਰੀ ਨਿਭਾ ਕੇ ਆਏ ਹਨ। ਹਰ ਬੰਦੇ ਨੇ ਉਹਨਾਂ ਦੀ ਸਿਫ਼ਤ ਕੀਤੀ ਹੈ । ਇੱਕ ਇੰਟਰਵਿਊ ਦੌਰਾਨ ਉਹ ਦੱਸ ਰਹੇ ਸਨ ਕਿ ਉਹ ਲੋਕਾਂ ਦੇ ਸੇਵਕ ਹਨ। ਨਾ ਕਿ ਜ਼ਿਲ੍ਹੇ ਦੇ ਮਾਲਕ ਹਨ।ਕਹਿੰਦੇ ਕਿ ਮੈਨੂੰ ਇਹ ਜ਼ਿੰਮੇਵਾਰੀ ਮਿਲੀ ਹੈ ਲੋਕਾਂ ਦੀ ਸੇਵਾ ਕਰਨਾ। ਲੋਕਾਂ ਵਿੱਚ ਵਿਚਰਨਾ, ਲੋਕਾਂ ਦੀ ਸਮੱਸਿਆਵਾਂ ਦਾ ਹੱਲ ਕਰਨਾ। ਕਿੰਨੀ ਸੋਹਣੀ ਗੱਲ ਕਹੀ ਹੈ। ਅੱਜ ਕੱਲ ਉਹ ਮੈਡਮ ਮੋਹਾਲੀ ਵਿਖੇ ਗਮਾਂਡਾ ਦੇ ਪ੍ਰਸ਼ਾਸਕ ਵਜੋਂ ਆਪਣੀ ਸੇਵਾਵਾਂ ਦੇ ਰਹੇ ਹਨ। ਹੋਰਾਂ ਲਈ ਅਜਿਹੀ ਸ਼ਖਸ਼ੀਅਤ ਪ੍ਰੇਰਨਾ ਸਰੋਤ ਹੈ। ਤਕਰੀਬਨ ਹਰ ਇੱਕ ਦੇ ਦਿਲ ਵਿੱਚ ਉਨਾਂ ਨੇ ਆਪਣੀ ਥਾਂ ਬਣਾ ਲਈ ਹੈ। ਜਿਨ੍ਹਾਂ ਵਿੱਚ ਅਜਿਹੇ ਗੁਣ ਹੁੰਦੇ ਹਨ ਉਹਨਾਂ ਨੂੰ ਬਿਲਕੁਲ ਵੀ ਰੁਤਬੇ ਦਾ ਘੁਮੰਡ ਨਹੀਂ ਹੁੰਦਾ। ਸਬਰ ,ਸੰਤੋਖ, ਨਿਮਰਤਾ ਨਾਲ ਅਜਿਹੀ ਸ਼ਖਸ਼ੀਅਤ ਰੱਜੇ ਹੋਏ ਹੁੰਦੇ ਹਨ। ਉਹਨਾਂ ਦਾ ਮਨ ਨਿਰਮਲ ਹੁੰਦਾ ਹੈ। ਸਾਦਗੀ ਭਰਿਆ ਜੀਵਨ ਬਸਰ ਕਰਦੇ ਹਨ । ਘੁਮੰਡ ,ਕਿਸੇ ਨਾਲ ਨਫ਼ਰਤ , ਹਉਮੈ ਅਜਿਹੀ ਇਨਸਾਨ ਦੇ ਨੇੜੇ ਤੱਕ ਵੀ ਨਹੀਂ ਹੁੰਦੀ।

ਸਾਦਗੀ ਦੀ ਮਨੁੱਖੀ ਜੀਵਨ ਵਿੱਚ ਬਹੁਤ ਮਹੱਤਤਾ ਹੈ। ਸਾਦਗੀ ਮਨੁੱਖ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ। ਸਾਦਗੀ ਮਨੁੱਖ ਨੂੰ ਸਕੂਨ ਦਿੰਦੀ ਹੈ। ਅੱਜ ਵਿਖਾਵੇ ਵਾਲੀ ਜ਼ਿੰਦਗੀ ਲੋਕ ਜੀ ਰਹੇ ਹਨ। ਇਨਸਾਨ ਸਾਦਾ ਜੀਵਨ, ਚੰਗੇ ਵਿਚਾਰਾਂ ਵਾਲੀ ਜੀਵਨਸ਼ੈਲੀ ਤੋਂ ਦੂਰ ਹੋ ਰਹੇ ਹਨ। ਚਾਹੇ ਕਰਜ਼ਾ ਚੁੱਕ ਕੇ ਦਿਖਾਵਾ ਕਰਨਾ ਪਏ, ਪਰ ਆਪਣੇ ਆਪ ਨੂੰ ਕਿਸੇ ਤੋਂ ਘੱਟ ਨਹੀਂ ਕੁਹਾਉਣਾ। ਦਿਖਾਵਾ ਕਰਦੇ ਕਰਦੇ ਇੱਛਾਵਾਂ ਵੱਧਦੀਆਂ ਰਹਿੰਦੀਆਂ ਹਨ। ਹੋਰਾਂ ਦੀ ਨਜ਼ਰਾਂ ਵਿੱਚ ਚੰਗਾ ਬਣਨ ਲਈ ਝੂਠਾ ਦਿਖਾਵਾ ਕਰਨ ਤੋਂ ਅਸੀਂ ਗੁਰੇਜ਼ ਨਹੀਂ ਕਰਦੇ। ਭੌਤਿਕਵਾਦੀ ਵਸਤੂਆਂ ਦੇ ਪਿੱਛੇ ਨਹੀਂ ਭੱਜਣਾ ਚਾਹੀਦਾ।ਸੁੱਖ ਦੁੱਖ ਹਰ ਇਨਸਾਨ ਦੀ ਜ਼ਿੰਦਗੀ ਵਿੱਚ ਆਉਂਦੇ ਰਹਿੰਦੇ ਹਨ ।ਹਰ ਇਨਸਾਨ ਨੂੰ ਇਹਨਾਂ ਵਿੱਚੋਂ ਹੀ ਨਿਕਲ ਕੇ ਜ਼ਿੰਦਗੀ ਗੁਜ਼ਾਰਨੀ ਪੈਂਦੀ ਹੈ। ਮੁਸੀਬਤਾਂ ਦਾ ਟਾਕਰਾ ਕਰਦੇ ਹੋਏ ਇਨਸਾਨ ਜ਼ਿੰਦਗੀ ਬਸਰ ਕਰਦਾ ਹੈ। ਅਜਿਹੀ ਸ਼ਖਸ਼ੀਅਤ ਨੂੰ ਜ਼ਿੰਦਗੀ ਨਾਲ ਸ਼ਿਕਾਇਤਾਂ ਬਹੁਤ ਘੱਟ ਹੁੰਦੀਆਂ ਹਨ। ਜਦੋਂ ਵੀ ਕਦੇ ਕੋਈ ਗਮੀ , ਹਾਰ ,ਅਸਫ਼ਲਤਾ ਵਿੱਚੋਂ ਅਜਿਹੀ ਸ਼ਖਸ਼ੀਅਤ ਨਿਕਲ ਰਹੀ ਹੁੰਦੀ ਹੈ ਤਾਂ ਉਹ ਡਾਵਾਂਡੋਲ ਨਹੀਂ ਹੁੰਦੀ। ਸਗੋਂ ਨਿਮਰ, ਸਹਿਨਸ਼ੀਲ ਰਹਿ ਕੇ ਉਸ ਮੁਸੀਬਤ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕਰਦੇ ਹਨ। ਸੋਚਦੇ ਹਨ ਕਿ ਕਿਸ ਤਰ੍ਹਾਂ ਅਸਫ਼ਲਤਾ ਨੂੰ ਸਫ਼ਲਤਾ ਵਿੱਚ ਬਦਲਿਆ ਜਾ ਸਕਦਾ ਹੈ। ਹਰ ਵੇਲੇ ਪਰਮਾਤਮਾ ਦਾ ਸ਼ੁਕਰ ਗੁਜ਼ਾਰ ਰਹਿੰਦਾ ਹੈ। ਜਿੰਨੇ ਮਰਜ਼ੀ ਸੁੱਖ ਸੁਵਿਧਾਵਾਂ ਦੇ ਸਾਧਨ ਹੋ ਜਾਣ, ਅਜਿਹੇ ਇਨਸਾਨ ਵਿੱਚ ਰੱਤੀ ਭਰ ਵੀ ਫਰਕ ਨਹੀਂ ਪੈਂਦਾ।ਅਸੀਂ ਸਾਰੇ ਹੀ ਸਮਾਜ ਦਾ ਹਿੱਸਾ ਹਨ। ਕਈ ਵਾਰ ਕੋਈ ਅਜਿਹੀ ਗੱਲ ਹੋ ਜਾਂਦੀ ਹੈ ਕਿ ਕਈ ਸੱਜਣ ਸੱਚ ਬੋਲਣ ਦੀ ਜਗ੍ਹਾ ਝੂਠ ਦਾ ਸਹਾਰਾ ਲੈਂਦੇ ਹਨ। ਗੱਲ ਨੂੰ ਘੁਮਾ ਫਰਾ ਕੇ ਕਰਦੇ ਹਨ ,ਕਿਉਂਕਿ ਉਹਨਾਂ ਵਿੱਚ ਗੱਲ ਸਪਸ਼ਟ ਕਰਨ ਦੀ ਹਿੰਮਤ ਨਹੀਂ ਹੁੰਦੀ। ਕਈ ਵਾਰ ਦੋਸਤਾਂ ਨੂੰ ਖੁਸ਼ ਕਰਨ ਦੇ ਚੱਕਰ ਵਿੱਚ ਉਹਨਾਂ ਨਾਲ ਵੀ ਝੂਠ ਬੋਲ ਦਿੰਦਾ ਹੈ। ਉਸ ਨੂੰ ਇਹ ਹੁੰਦਾ ਹੈ ਕਿ ਜੇ ਮੈਂ ਸੱਚ ਕਹਿ ਦਿੱਤਾ ਇਹ ਕਦੇ ਮੇਰੇ ਤੋਂ ਨਰਾਜ਼ ਨਾ ਹੋ ਜਾਣ। ਸੱਚਾ ਦੋਸਤ ਉਹੀ ਹੁੰਦਾ ਹੈ ਜੋ ਮੂੰਹ ਤੇ ਤੁਹਾਨੂੰ ਸਪਸ਼ਟ ਗੱਲ ਕਹੇ ਕਿ ਇਸ ਤਰਾਂ ਨਹੀਂ ਹੋਣਾ ਚਾਹੀਦਾ। ਕੁਝ ਸਮੇਂ ਲਈ ਤੁਹਾਡੀ ਗੱਲ ਉਸਨੂੰ ਕੌੜੀ ਜਰੂਰ ਲੱਗੇਗੀ ,ਪਰ ਬਾਅਦ ਵਿੱਚ ਉਸ ਨੂੰ ਇਹ ਹੋਏਗਾ ਕਿ ਇਸ ਤੋਂ ਵਧੀਆ ਮੇਰਾ ਕੋਈ ਦੋਸਤ ਨਹੀਂ ਹੋ ਸਕਦਾ। ਅੱਜ ਦੇ ਜ਼ਮਾਨੇ ਵਿੱਚ ਸਪਸ਼ਟ, ਸਾਫ ਸੁਥਰੀ ਗੱਲ ਕਰਨ ਵਾਲੇ ਬਹੁਤ ਘੱਟ ਹਨ। ਜੋ ਇਨਸਾਨ ਮੂੰਹ ਤੇ ਸੱਚ ਗੱਲ ਕਹਿ ਦਿੰਦਾ ਹੈ ,ਉਸਦੇ ਆਲੋਚਕ ਬਹੁਤ ਹੁੰਦੇ ਹਨ। ਅਜਿਹੇ ਸੱਜਣ ਦੇ ਮਿੱਤਰ ਘੱਟ, ਦੁਸ਼ਮਣ ਜਿਆਦਾ ਬਣ ਜਾਂਦੇ ਹਨ।

ਸਰਕਾਰੀ ਦਫਤਰਾਂ ਵਿੱਚ ਅਸੀਂ ਪ੍ਰਸ਼ਾਸਨਿਕ ਅਧਿਕਾਰੀਆਂ ਕੋਲ ਜਾਂਦੇ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ। ਉਹ ਬੋਲਦੇ ਬਹੁਤ ਘੱਟ ਹਨ ।ਅੱਖਾਂ ਨਾਲ ਬਹੁਤ ਕੁੱਝ ਕਹਿ ਜਾਂਦੇ ਹਨ। ਸਾਫ ਸੁਥਰੀ ਬੋਲਬਾਣੀ ਤੋਂ ਇਨਸਾਨ ਦੀ ਸ਼ਖਸੀਅਤ ਝਲਕਦੀ ਹੈ। ਨਿਮਰਤਾ ,ਸਹਿਣਸ਼ੀਲਤਾ, ਸਾਦਗੀ ,ਪ੍ਰੀਤ ਪਿਆਰ ਮਨੁੱਖੀ ਜੀਵਨ ਦੇ ਗੁਣ ਹਨ। ਅਜਿਹਾ ਤਾਂ ਕੋਈ ਇਨਸਾਨ ਨਹੀਂ ਹੈ ਜਿਸ ਦੀ ਜ਼ਿੰਦਗੀ ਵਿੱਚ ਦੁੱਖ ਕਦੇ ਨਾ ਆਏ ਹੋਣ। ਅਜਿਹੀ ਸ਼ਖਸ਼ੀਅਤ ਪਰਮਾਤਮਾ ਦਾ ਭਾਣਾ ਮੰਨਦੀ ਹੈ। ਪਰਮਾਤਮਾ ਦੇ ਭਾਣੇ ਵਿੱਚ ਰਹਿ ਕੇ ਹੀ ਜ਼ਿੰਦਗੀ ਬਸਰ ਕਰਨੀ ਪੈਂਦੀ ਹੈ। ਕੋਈ ਬਿਜਨਸ ਹੈ ਉਸ ਵਿੱਚ ਘਾਟਾ ਪੈ ਗਿਆ ਜਿਸ ਕੋਲ ਨਿਮਰਤਾ, ਸਹਿਣਸ਼ੀਲਤਾ ਹੈ ਉਹ ਉਸ ਘਾਟੇ ਨੂੰ ਬਰਦਾਸ਼ਤ ਕਰ ਲੈਂਦਾ ਹੈ, ਕਿਉਂਕਿ ਉਹ ਭਾਣੇ ਵਿੱਚ ਰਹਿੰਦਾ ਹੈ। ਪਰਮਾਤਮਾ ਉਸ ਦੇ ਚੇਤੇ ਰਹਿੰਦਾ ਹੈ। ਉਹ ਹੌਸਲਾ ਨਹੀਂ ਛੱਡਦਾ। ਸਗੋਂ ਅੱਗੇ ਨਾਲੋਂ ਹੋਰ ਮਿਹਨਤ ਕਰਦਾ ਹੈ। ਅੱਜ ਦੇ ਜ਼ਮਾਨੇ ਵਿੱਚ ਇਨਸਾਨ ਦਾ ਸਹਿਜ, ਸਾਦਗੀ ਵਿੱਚ ਰਹਿਣਾ ਬਹੁਤ ਵੱਡਾ ਗੁਣ ਹੈ। ਕਿੱਥੇ ਪੜਿਆ ਸੀ ਕਿ ਜਿੰਨ੍ਹਾਂ ਵੀ ਸਾਡੀ ਜਰੂਰਤਾਂ, ਉਮੀਦਾਂ ਘੱਟ ਹੋਣਗੀਆਂ, ਅਸੀਂ ਉਨ੍ਹਾਂ ਹੀ ਪਰਮਾਤਮਾ ਦੇ ਨੇੜੇ ਹੁੰਦੇ ਜਾਂਦੇ ਹਾਂ।



**ਸੰਜੀਵ ਸਿੰਘ ਸੈਣੀ,**
**ਮੋਹਾਲੀ,7888966168**

# ਡਿਸਲੇਕਸੀਆ: ਕਮਜ਼ੋਰੀ ਨਹੀਂ, ਸਿੱਖਣ ਦਾ ਵੱਖਰਾ ਤਰੀਕਾ

ਹਰ ਬੱਚਾ ਆਪਣੀ ਵੱਖਰੀ ਸੋਚ, ਸਮਝ ਅਤੇ ਸਿੱਖਣ ਦੇ ਢੰਗ ਨਾਲ ਇਸ ਦੁਨੀਆ ਵਿੱਚ ਆਉਂਦਾ ਹੈ। ਕੁਝ ਬੱਚੇ ਗਣਿਤ ਵਿੱਚ ਤੇਜ਼ ਹੁੰਦੇ ਹਨ, ਕੁਝ ਕਲਾ ਜਾਂ ਖੇਡਾਂ ਵਿੱਚ ਅਤੇ ਕੁਝ ਭਾਸ਼ਾਵਾਂ ਵਿੱਚ। ਪਰ ਕਈ ਵਾਰ ਅਜਿਹੇ ਬੱਚੇ ਵੀ ਮਿਲਦੇ ਹਨ ਜੋ ਬਹੁਤ ਹੁਸ਼ਿਆਰ ਅਤੇ ਜਿਗਿਆਸੂ ਹੋਣ ਦੇ ਬਾਵਜੂਦ ਪੜ੍ਹਨ, ਲਿਖਣ ਜਾਂ ਸਪੈਲਿੰਗ ਕਰਨ ਵਿੱਚ ਮੁਸ਼ਕਲ ਮਹਿਸੂਸ ਕਰਦੇ ਹਨ। ਇਸ ਸਥਿਤੀ ਨੂੰ ਡਿਸਲੇਕਸੀਆ ਕਿਹਾ ਜਾਂਦਾ ਹੈ। ਡਿਸਲੇਕਸੀਆ ਕੋਈ ਬਿਮਾਰੀ ਨਹੀਂ ਹੈ ਅਤੇ ਨਾ ਹੀ ਇਹ ਘੱਟ ਬੁੱਧੀ ਜਾਂ ਘੱਟ ਯੋਗਤਾ ਦੀ ਨਿਸ਼ਾਨੀ ਹੈ। ਇਹ ਸਿਰਫ਼ ਸਿੱਖਣ ਦਾ ਇੱਕ ਵੱਖਰਾ ਤਰੀਕਾ ਹੈ। ਅਜਿਹੇ ਬੱਚਿਆਂ ਦਾ ਦਿਮਾਗ਼ ਸ਼ਬਦਾਂ ਅਤੇ ਅੱਖਰਾਂ ਨੂੰ ਹੋਰਨਾਂ ਨਾਲੋਂ ਕੁਝ ਵੱਖਰੇ ਢੰਗ ਨਾਲ ਸਮਝਦਾ ਅਤੇ ਪ੍ਰਕਿਰਿਆ ਕਰਦਾ ਹੈ। ਇਸ ਕਰਕੇ ਉਨ੍ਹਾਂ ਨੂੰ ਪੜ੍ਹਨ, ਲਿਖਣ ਅਤੇ ਸ਼ਬਦਾਂ ਦੀ ਪਛਾਣ ਕਰਨ ਵਿੱਚ ਵੱਧ ਸਮਾਂ ਅਤੇ ਮਦਦ ਦੀ ਲੋੜ ਪੈ ਸਕਦੀ ਹੈ।

ਡਿਸਲੇਕਸੀਆ ਵਾਲੇ ਬੱਚੇ ਅਕਸਰ ਅੱਖਰਾਂ ਨੂੰ ਗੜਬੜ ਕਰ ਦੇਂਦੇ ਹਨ, ਸਪੈਲਿੰਗ ਵਾਰ-ਵਾਰ ਗਲਤ ਲਿਖਦੇ ਹਨ ਜਾਂ ਪੜ੍ਹਦੇ ਸਮੇਂ ਸ਼ਬਦਾਂ ਨੂੰ ਛੱਡ ਜਾਂ ਬਦਲ ਦਿੰਦੇ ਹਨ। ਕਈ ਵਾਰ ਮਾਪੇ ਜਾਂ ਅਧਿਆਪਕ ਇਸ ਨੂੰ ਬੱਚੇ ਦੀ ਲਾਪਰਵਾਹੀ, ਆਲਸ ਜਾਂ ਪੜ੍ਹਾਈ ਵਿੱਚ ਦਿਲਚਸਪੀ ਦੀ ਘਾਟ ਸਮਝ ਲੈਂਦੇ ਹਨ। ਨਤੀਜੇ ਵਜੋਂ ਬੱਚੇ ਉੱਤੇ ਦਬਾਅ ਵੱਧ ਜਾਂਦਾ ਹੈ ਅਤੇ ਉਸ ਦਾ ਆਤਮ-ਵਿਸ਼ਵਾਸ ਘਟਣ ਲੱਗਦਾ ਹੈ।

ਅਸਲ ਵਿੱਚ ਅਜਿਹੇ ਬੱਚਿਆਂ ਨੂੰ ਡਾਂਟ ਜਾਂ ਸਜ਼ਾ ਦੀ ਨਹੀਂ, ਸਗੋਂ ਸਮਝ, ਧੀਰਜ ਅਤੇ ਸਹੀ ਮਾਰਗਦਰਸ਼ਨ ਦੀ ਲੋੜ ਹੁੰਦੀ ਹੈ। ਜੇ ਸਮੇਂ ਸਿਰ ਡਿਸਲੇਕਸੀਆ ਦੀ ਪਛਾਣ ਹੋ ਜਾਵੇ ਅਤੇ ਬੱਚੇ ਨੂੰ ਉਚਿਤ ਸਹਾਇਤਾ ਮਿਲੇ ਤਾਂ ਉਹ ਵੀ ਹੋਰ ਬੱਚਿਆਂ ਵਾਂਗ ਪੜ੍ਹਾਈ ਅਤੇ ਜੀਵਨ ਦੇ ਹਰ ਖੇਤਰ ਵਿੱਚ ਕਾਮਯਾਬੀ ਹਾਸਲ ਕਰ ਸਕਦਾ ਹੈ। ਦੁਨੀਆ ਦੇ ਕਈ ਪ੍ਰਸਿੱਧ ਵਿਗਿਆਨੀ, ਕਲਾਕਾਰ ਅਤੇ ਉਦਯੋਗਪਤੀ ਵੀ ਡਿਸਲੇਕਸੀਆ ਨਾਲ ਜੁੜੀਆਂ ਚੁਣੌਤੀਆਂ ਦਾ ਸਾਹਮਣਾ ਕਰ ਚੁੱਕੇ ਹਨ, ਪਰ ਉਨ੍ਹਾਂ ਨੇ ਆਪਣੀ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ ਇਤਿਹਾਸ ਰਚਿਆ। ਇਹ ਸਾਬਤ ਕਰਦਾ ਹੈ ਕਿ ਡਿਸਲੇਕਸੀਆ ਪ੍ਰਤਿਭਾ ਦੇ ਰਸਤੇ ਦੀ ਰੁਕਾਵਟ ਨਹੀਂ ਹੈ। ਅੱਜ ਦੇ ਸਮੇਂ ਵਿੱਚ ਸਕੂਲਾਂ, ਅਧਿਆਪਕਾਂ ਅਤੇ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਡਿਸਲੇਕਸੀਆ ਬਾਰੇ ਜਾਗਰੂਕ ਹੋਣ ਅਤੇ ਅਜਿਹੇ ਬੱਚਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਨ। ਆਡੀਓ ਬੁੱਕਾਂ, ਫੋਨਿਕਸ ਪੱਧਤੀ ਅਤੇ ਵਿਸ਼ੇਸ਼ ਸਿੱਖਣ ਦੇ ਤਰੀਕੇ ਅਜਿਹੇ ਬੱਚਿਆਂ ਲਈ ਬਹੁਤ ਮਦਦਗਾਰ ਸਾਬਤ ਹੋ ਰਹੇ ਹਨ। ਹਰ ਬੱਚੇ ਵਿੱਚ ਕੋਈ ਨਾ ਕੋਈ ਵਿਲੱਖਣ ਖੂਬੀ ਹੁੰਦੀ ਹੈ। ਸਾਡਾ ਫ਼ਰਜ਼ ਹੈ ਕਿ ਅਸੀਂ ਉਸ ਦੀ ਕਮਜ਼ੋਰੀ ਲੱਭਣ ਦੀ ਬਜਾਏ ਉਸ ਦੀ ਯੋਗਤਾ ਨੂੰ ਪਛਾਣੀਏ ਅਤੇ ਉਸ ਨੂੰ ਅੱਗੇ ਵਧਣ ਦਾ ਮੌਕਾ ਦੇਈਏ। ਡਿਸਲੇਕਸੀਆ ਕਮਜ਼ੋਰੀ ਨਹੀਂ, ਸਗੋਂ ਸਿੱਖਣ ਦਾ ਇੱਕ ਵੱਖਰਾ ਤਰੀਕਾ ਹੈ, ਜਿਸ ਨੂੰ ਸਮਝ ਕੇ ਅਤੇ ਸਵੀਕਾਰ ਕਰਕੇ ਅਸੀਂ ਅਨੇਕਾਂ ਬੱਚਿਆਂ ਦਾ ਭਵਿੱਖ ਰੌਸ਼ਨ ਕਰ ਸਕਦੇ ਹਾਂ।



**ਨਵਨੀਤ ਸਿੰਘ, 9814509900**

# ਸਰੀ 'ਚ ਮਾਸਟਰ ਸਲੀਮ ਨੇ ਲਾਈ ਸੁਰਾਂ ਦੀ ਝੜੀ

## ਸੰਗੀਤਕ ਧੁਨਾਂ ਤੇ ਦੇਰ ਰਾਤ ਤੱਕ ਸਰੋਤੇ ਝੂਮਦੇ ਨਜ਼ਰੀਂ ਆਏ

**ਵੈਨਕੂਵਰ, ਜੁਲਾਈ (ਮਲਕੀਤ ਸਿੰਘ) –** 'ਜਾਫਰ ਖਾਨ ਇੰਟਰਟੇਨਮੈਂਟ' ਵੱਲੋਂ ਸਥਾਨਕ ਏਸ਼ੀਅਨ ਭਾਈਚਾਰੇ ਦੇ ਸਹਿਯੋਗ ਨਾਲ ਸਰੀ ਦੇ ਬੈੱਲ ਸੈਂਟਰ 'ਚ ਆਯੋਜਤ ਕਰਵਾਈ ਗਈ ਇੱਕ ਸੰਗੀਤਕ ਸ਼ਾਮ ਦੌਰਾਨ ਪੰਜਾਬ ਦੇ ਪ੍ਰਸਿੱਧ ਗਾਇਕ ਮਾਸਟਰ ਸਲੀਮ ਵੱਲੋਂ ਆਪਣੇ ਚੋਣਵੇਂ ਗੀਤਾਂ ਦੀ ਲਗਾਈ ਗਈ ਝੜੀ ਨਾਲ ਦੇਰ ਰਾਤ ਤੱਕ ਮਾਹੌਲ ਸੰਗੀਤਮਈ ਸਿਰਜਿਆ ਨਜ਼ਰ ਆਇਆ ਸ਼ਾਮੀ 8 ਵਜੇ ਤੋਂ ਸ਼ੁਰੂ ਹੋ ਕੇ ਦੇਰ ਰਾਤ ਤੱਕ ਚੱਲੀ ਇਸ ਸੰਗੀਤਕ ਸਾਮ ਦੌਰਾਨ ਮਾਸਟਰ ਸਲੀਮ ਦੇ ਵੱਖ ਵੱਖ ਗੀਤਾਂ ਦੀ ਪੇਸ਼ਕਾਰੀ ਦੌਰਾਨ ਹਾਲ 'ਚ ਮੌਜੂਦ ਸੈਂਕੜੇ ਸਰੋਤੇ ਝੂਮਦੇ ਨਜ਼ਰੀਂ ਆਏ ਉਸਦੇ ਹਰੇਕ ਗੀਤ ਅਤੇ ਕਵਾਲੀ ਦੀ ਪੇਸ਼ਕਾਰੀ ਤੋਂ ਗਦ ਗਦ ਹੋਏ ਬਹੁਗਿਣਤੀ ਸਰੋਤਿਆਂ ਵੱਲੋਂ ਮਾਰੀਆਂ ਜਾਂਦੀਆਂ ਤਾੜੀਆਂ ਦੀ ਗੜਗੜਾਹਟ ਨਾਲ ਸਮੁੱਚਾ ਹਾਲ ਗੂੰਜਦਾ ਮਹਿਸੂਸ ਹੋਇਆ ਇਸ ਤੋਂ ਪਹਿਲਾਂ ਲੱਖੀ ਸੰਧੂ,ਆਸਿਫ ਅਲੀ ਅਤੇ ਖੁਸ਼ਬੂ ਸਰੀਨ ਵੱਲੋਂ ਵੀ ਆਪਣੇ ਚੋਣਵੇਂ ਗੀਤਾਂ ਦੀ ਪੇਸ਼ਕਾਰੀ ਕੀਤੀ ਗਈ



ਮਾਸਟਰ ਸਲੀਮ ਦੀ ਸੰਗੀਤਕ ਸ਼ਾਮ ਦੀਆਂ ਵੱਖ ਵੱਖ ਤਸਵੀਰਾਂ



ਅੱਜ ਦੀ ਇਸ ਸੰਗੀਤਕ ਸ਼ਾਮ ਦਾ ਆਨੰਦ ਮਾਨਣ ਲਈ ਜਿੱਥੇ ਕਿ ਪੰਜਾਬੀ ਭਾਈਚਾਰੇ ਦੀਆਂ ਹੋਰਨਾਂ ਸ਼ਖਸੀਅਤਾਂ ਵਿਸ਼ੇਸ਼ ਤੌਰ ਤੇ ਪਹੁੰਚੀਆਂ ਸਨ,ਉੱਥੇ ਪੰਜਾਬੀ ਮੂਲ ਦੇ ਸਾਂਸਦ ਸੁੱਖ ਧਾਲੀਵਾਲ ਨੇ ਵੀ ਦੇਰ ਰਾਤ ਤੱਕ ਮੌਜੂਦ ਰਹਿ ਕੇ ਸੰਗੀਤਕ ਸ਼ਾਮ ਦਾ ਆਨੰਦ ਮਾਣਿਆ ਅਤੇ ਪ੍ਰਬੰਧਕਾਂ ਵੱਲੋਂ ਪੰਜਾਬੀ ਵਿਰਸੇ ਨਾਲ ਸਬੰਧਿਤ ਅਜਿਹੇ ਪ੍ਰੋਗਰਾਮ ਕਰਵਾਏ ਜਾਣ ਦੀ ਸਲਾਘਾ ਕੀਤੀ ਅਖੀਰ ਵਿੱਚ ਅੱਜ ਦੀ ਇਸ ਸੰਗੀਤਕ ਸ਼ਾਮ ਦੀ ਸਫਲਤਾ ਲਈ ਆਯੋਜਕ ਜਾਫਰ ਖਾਨ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

# ਅਲਬਰਟਾ ਤੋਂ ਲਾਪਤਾ ਦੋ ਬੱਚਿਆਂ ਦੇ ਬੀ.ਸੀ. ਵਿੱਚ ਹੋਣ ਦਾ ਸ਼ੱਕ, ਪੁਲਿਸ ਨੇ ਮੰਗੀ ਲੋਕਾਂ ਦੀ ਮਦਦ

**ਵੈਨਕੂਵਰ, 18 ਜੁਲਾਈ (ਮਲਕੀਤ ਸਿੰਘ) –** ਅਲਬਰਟਾ ਪੁਲਿਸ ਦੀ ਮੇਜਰ ਕਰਾਈਮਜ਼ ਯੂਨਿਟ ਨੇ ਦੋ ਲਾਪਤਾ ਬੱਚਿਆਂ ਦੀ ਭਾਲ ਲਈ ਲੋਕਾਂ ਤੋਂ ਮੁੜ ਮਦਦ ਦੀ ਅਪੀਲ ਕੀਤੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਇਹ ਦੋਵੇਂ ਬੱਚੇ ਇਸ ਵੇਲੇ ਬ੍ਰਿਟਿਸ਼ ਕੋਲੰਬੀਆ ਵਿੱਚ ਹੋ ਸਕਦੇ ਹਨ। ਮਾਮਲਾ 8 ਜੁਲਾਈ ਨੂੰ ਜਾਰੀ ਕੀਤੇ ਗਏ ਐਂਬਰ ਅਲਰਟ ਨਾਲ ਜੁੜਿਆ ਹੋਇਆ ਹੈ। ਲਾਪਤਾ ਬੱਚਿਆਂ ਦੀ ਪਛਾਣ ਲਨਾਕਾਈ ਮੌਰੀਸਨ ਅਤੇ ਕਾਰਲ ਮੌਰੀਸਨ ਵਜੋਂ ਹੋਈ ਹੈ। ਪੁਲਿਸ ਦਾ ਕਹਿਣਾ ਹੈ ਕਿ ਜਾਂਚਕਾਰਾਂ ਨੂੰ ਵਿਸ਼ਵਾਸ ਹੈ ਕਿ ਦੋਵੇਂ ਬੱਚੇ ਬ੍ਰਿਟਿਸ਼ ਕੋਲੰਬੀਆ ਵਿੱਚ ਹੋ ਸਕਦੇ ਹਨ ਅਤੇ ਉਨ੍ਹਾਂ ਦੀ ਸੁਰੱਖਿਅਤ ਬਰਾਮਦਗੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਨੂੰ ਇਨ੍ਹਾਂ ਬੱਚਿਆਂ ਜਾਂ ਉਨ੍ਹਾਂ ਨਾਲ ਸੰਬੰਧਿਤ ਕਿਸੇ ਵਿਅਕਤੀ ਬਾਰੇ ਕੋਈ ਜਾਣਕਾਰੀ ਮਿਲੇ ਤਾਂ ਤੁਰੰਤ ਆਪਣੇ ਨੇੜਲੇ ਪੁਲਿਸ ਨਾਲ ਸੰਪਰਕ ਕੀਤਾ ਜਾਵੇ। ਜਾਂਚ ਅਧਿਕਾਰੀਆਂ ਨੇ ਕਿਹਾ ਹੈ ਕਿ ਲੋਕਾਂ ਵੱਲੋਂ ਦਿੱਤੀ ਗਈ ਛੋਟੀ ਤੋਂ ਛੋਟੀ ਜਾਣਕਾਰੀ ਵੀ ਬੱਚਿਆਂ ਨੂੰ ਸੁਰੱਖਿਅਤ ਲੱਭਣ ਵਿੱਚ ਅਹਿਮ ਸਾਬਤ ਹੋ ਸਕਦੀ ਹੈ।



ਲਾਪਤਾ ਬੱਚਿਆਂ ਦੀਆਂ ਤਸਵੀਰਾਂ

# ਬਹੁਜਨ ਸਮਾਜ ਦੀ ਜਿੱਤ ਕਿਉ ਨਹੀਂ ਹੋ ਰਹੀ? – ਇੱਕ ਵਿਚਾਰ

ਕੁਦਰਤ ਦਾ ਕਾਨੂੰਨ ਹੈ ਕਿ ਹਮੇਸ਼ਾ ਬਹੁਜਨ ਦੀ ਜਿੱਤ ਹੁੰਦੀ ਹੈ.. ਪਰ ਅਸੀ ਜਿਸ ਬਹੁਜਨ ਦੀ ਗੱਲ ਕਰ ਰਹੇਂ ਹਾਂ, ਉਸ ਦੀ ਜਿੱਤ ਨਹੀਂ ਹੋ ਰਹੀ . ਇਸਦੇ ਕੁਝ ਕਾਰਨ ਹਨ ...

ਜਿਸਨੂੰ ਅਸੀ ਬਹੁਜਨ ਸਮਾਜ ਸਮਝਦੇ ਹਾਂ ਅਸਲ ਵਿੱਚ ਉਹ ਜਾਤ-ਪਾਤ ਦੇ ਵਿਚਾਰਾਂ ਵਿੱਚ ਫਸ ਕੇ ਆਪਣੇ ਆਪ ਨੂੰ ਅਲਪ ਸੰਖਿਅਕ ਬਣਾ ਚੁੱਕਾ ਹੈ...

**ਦੂਸਰਾ ਹੈ ਡੇਰਾਵਾਦ ਦਾ ਡਰ ...**

ਡੇਰਿਆ ਵਿੱਚ ਬੈਠੇ ਸੰਤਾਂ ਨੇ ਇਨਸਾਨ ਦੀ ਸੋਚ ਤੋਂ ਕਦੀ ਇਹ ਪਰਦਾ ਚੁਕਣ ਦੀ ਕੋਸ਼ਿਸ ਨਹੀਂ ਕੀਤੀ ਕਿ ਤੁਸੀ ਜਾਤ ਪਾਤ ਦੇ ਇਸ ਕੋਹੜ ਨੂੰ ਖਤਮ ਕਰ ਦਿਓ..

ਕਈ ਡੇਰੇ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਵੀ ਪ੍ਰਚਾਰ ਕਰਦੇ ਹਨ ਅਤੇ ਸਤਿਗੂ ਰਵਿਦਾਸ ਜੀ ਦੇ ਇਹ ਸਬਦ ਹਨ ਕਿ , *ਜਾਤ ਪਾਤ ਕੇ ਫੇਰ ਮੇਂ ਉਲਝ ਰਹੇਂ ਸਭ ਲੋਕ, ਮਨੁੱਖ ਜਾਤ ਕੋ ਖਾ ਰਹਾਂ ਜਾਤ ਪਾਤ ਕਾ ਰੋਗ*

ਭਾਵ ਕਿ ਮਨੁੱਖ ਇੱਕ ਜਾਤ ਹੈ ਅਤੇ ਜੋ ਮਨੁੱਖ, ਮਨੁੱਖ ਹੁੰਦੇ ਹੋਏ ਵੀ ਕਿਸੇ ਹੋਰ ਜਾਤ ਨੂੰ ਆਪਣਾ ਮੰਨਦਾ ਹੈ, ਉਹ ਜਾਤ ਪਾਤ ਦੀ ਬੀਮਾਰੀ ਦਾ ਰੋਗੀ ਹੈ ਅਤੇ ਇਹ ਡੇਰੇ ਉਹਨਾਂ ਦੀ ਉਸ ਬੀਮਾਰੀ ਦਾ ਇਲਾਜ ਨਹੀਂ ਕਰਦੇ ਬਲਕਿ ਉਹ ਜਾਤ ਪਾਤ ਦੀ ਬੀਮਾਰੀ ਨੂੰ ਹੋਰ ਮਜਬੂਤ ਕਰਦੇ ਹਨ, ਜਿਸ ਨਾਲ ਉਸ ਦੀ ਮਾਨਸਿਕਤਾ ਹਮੇਸ਼ਾ ਦੂਸਰੀ ਜਾਤ ਨਾਲ ਲੜਾਈ ਕਰਨ ਵਾਲੀ ਬਣੀ ਰਹਿੰਦੀ ਹੈ। ਜਾਂ ਆਪਣੀ ਜਾਤੀ ਦਾ ਗਰਵ ਕਰਨ ਵਾਲੀ ਬਣੀ ਰਹਿੰਦੀ ਹੈ ਪਰ ਉਹ ਇਹ ਨਹੀਂ ਸੋਚ ਪਾਉਂਦੇ ਕਿ ਜਾਤੀ ਵਿਵਸਥਾ ਹੀ ਉਸ ਦੀ ਗੁਲਾਮੀ ਦਾ ਮੁੱਖ ਬਿੰਦੂ ਹੈ। ਇਹਨਾਂ ਲੋਕਾਂ ਨੇ ਜਾਤ ਨੂੰ ਵਧਾਉਣ ਲਈ ਸਾਡੇ ਸਤਿਗੁਰਾਂ ਦੀ ਵੀ ਵੰਢ ਕਰ ਦਿੱਤੀ ਹੈ। ਆਪਣੀ ਆਪਣੀ ਜਾਤੀ ਦਾ ਆਪਣਾ ਆਪਣਾ ਗੁਰੂ ਵੀ ਹੈ ਜਦਕਿ ਹਰ ਇੱਕ ਸਤਿਗੁਰੂ ਨੇ ਮਨੁੱਖ ਨੂੰ ਮਨੁੱਖ ਬਣਨ ਤੇ ਜੋਰ ਦਿੱਤਾ ਹੈ। ਜਾਤ ਪਾਤ ਤੋ ਬਿਨਾਂ ਸੰਸਾਰ ਵਿੱਚ ਰਹਿਣ ਤੇ ਜੋਰ ਦਿੱਤਾ ਹੈ।

ਤੀਸਰਾ ਸਾਡੇ ਬਹੁਜਨ ਸਮਾਜ ਦੇ ਲੋਕ ਆਪਣੇ ਆਪ ਨੂੰ ਇਸ ਲਈ ਵੀ ਅਲਪ ਸੰਖਿਅਕ ਬਣਾ ਰਹੇ ਹਨ ਕਿਉਕਿ ਉਹ ਮਨੁੱਖ ਦੁਆਰਾ ਬਣਾਏ ਗਏ ਧਰਮਾਂ ਦੀ ਵੰਡ ਵਿੱਚ ਆ ਚੁੱਕੇ ਹਨ...

ਜਿੱਥੇ ਸਤਿਗੁਰੂ ਰਵਿਦਾਸ ਜੀ ਕਹਿੰਦੇ ਕਿ *ਜਾਤ ਜਾਤ ਮੈਂ ਜਾਤ ਹੈ ਜਿਉ ਕੇਲਨ ਮੈ ਪਾਤ, ਹਿੰਦੂ ਮੁਸਲਮ ਸਿੱਖਨ ਕੀ, ਸਭ ਕੀ ਏਕ ਹੀ ਜਾਤ*

ਭਾਵ ਕਿ ਜਾਤਾਂ ਦੇ ਅੰਦਟ ਜਾਤਾਂ ਹਨ ਜਿਵੇ ਕੇਲੇ ਦੇ ਪੇੜ ਵਿੱਚ ਪੱਤੇ ਅੰਦਰ ਪੱਤੇ ਹੀ ਹੁੰਦੇ ਹਨ । ਸਤਿਗੁਰੂ ਰਵਿਦਾਸ ਜੀ ਇਹ ਸਮਝਾਉਣਾ ਚਾਹੁੰਦੇ ਹਨ ਕਿ ਹਿੰਦੂ, ਮੁਸਲਿਮ, ਸਿੱਖ, ਇਸਾਈ ਧਰਮ ਦੇ ਸਾਰੇ ਇਨਸਾਨਾਂ ਦੀ ਇੱਕ ਹੀ ਜਾਤ ਹੈ.. ਕੋਈ ਵੱਖਰਾ ਨਹੀ ਹੈ.. ਤੁਸੀ ਸਭ ਇੱਕ ਹੀ ਹੋ।

ਪਰ ਸਭ ਧਰਮਾਂ ਵਿੱਚ ਵੰਡੇ ਹੋਏ ਇਨਸਾਨ ਆਪਣੇ ਆਪ ਨੂੰ ਇਹਨਾਂ ਉਪਰੋਕਤ ਧਰਮਾਂ ਚੋ ਵੀ ਆਪਣੇ ਆਪ ਨੂੰ ਇੱਕ ਧਰਮ ਦਾ ਮੰਨ ਚੁੱਕੇ ਹਨ ਅਤੇ ਪੀੜੀ ਦਰ ਪੀੜੀ ਉਸ ਧਰਮ ਵਿੱਚ ਫਸੇ ਰਹਿੰਦੇ ਹਨ ਅਤੇ ਵਿਸ਼ਵਾਸ ਕਰਦੇ ਹਨ ਕਿ ਇਹ ਧਰਮ ਪ੍ਰਮਾਤਮਾ, ਖੁਦਾ, ਅੱਲਾਂ, ਈਸਵਰ ਨੂੰ ਮਿਲਣ ਦਾ ਰਾਸਤਾ ਹੈ। ਪਰ ਉਹ ਇਹ ਹੀਂ ਸਮਝ ਪਾਉਂਦੇ ਕਿ ਉਹ ਇਹਨਾਂ ਧਰਮਾਂ ਦੀ ਆਪਸੀ ਲੜਾਈ ਦੀ ਚੱਕੀ ਵਿੱਚ ਪਿਸ ਰਹੇਂ ਹਨ ਜਿਸ ਪ੍ਰਕਾਰ ਸਤਿਗੁਰੂ ਕਬੀਰ ਸਾਹਿਬ ਜੀ ਦੇ ਸਬਦ ਹਨ ਕਿ *ਚਲਤੀ ਚੱਕੀ ਦੇਖ ਕੇ, ਗਿਆ ਕਬੀਰਾਂ ਰੋਏ, ਦੋ ਪਾਟਨ ਕੇ ਵੀਚ ਮੈਂ ਸਾਬਤ ਬਚਾ ਨਾ ਕੋਇ*

ਭਾਵ ਕਿ ਕਬੀਰ ਸਾਹਿਬ ਹੀ ਨੂੰ ਇਹ ਗਿਆਨ ਹੋ ਗਿਆ ਕਿ ਜੋ ਵੀ ਮਨੁੱਖ 2 ਪੱਥਰਾਂ ਵਾਂਗ ਧਰਮਾਂ ਜਾਂ ਜਾਤਾਂ ਦੇ ਵਿੱਚ ਪਿਸੇ ਗਾ, ਉਹ ਸਾਬਤ ਨਹੀਂ ਬਚ ਸਕੇਗਾ, ਕਾਲ ਦੇ ਫੇਰ ਵਿੱਚ ਪੀਸ ਹੋ ਜਾਵੇਗਾ।

ਅੱਜ ਦਾ ਮਨੁੱਖ ਇਸ ਤਰ੍ਹਾਂ ਹੀ ਧਰਮਾਂ ਦੀ ਲੜਾਈ ਵਿੱਚ ਪੀਸ ਹੋ ਰਿਹਾ ਹੈ ਅਤੇ ਆਪਣੇ ਬੁੱਧੀਜੀਵੀ ਮਹਾਂਪੁਰਸ਼ਾ ਦੀ ਗੱਲ ਨੂੰ ਸਮਝਣ ਦੀ ਹਿੰਮਤ ਹੀ ਨਹੀਂ ਕਰਦਾ।

ਤਥਾਗਤ ਬੁੱਧ ਨੇ ਮਨੁੱਖ ਦੇ ਕਲਿਆਣ ਲਈ ਉਸ ਨੂੰ ਕਿਸੇ ਧਰਮ ਵਿੱਚ ਨਹੀਂ ਬੰਨਿਆ ਬਲਕਿ ਇਹ ਕਿਹਾ ਕਿ *ਆਪਣੇ ਦੁੱਖਾਂ ਨੂੰ ਪਹਿਚਾਣੋ ਅਤੇ ਇਹ ਵੀ ਪਹਿਚਾਣੋ ਕਿ ਇਹ ਦੁੱਖ ਕੌਣ ਪੈਦਾ ਕਰਦਾ ਹੈ??*



***ਦੁੱਖ ਦਾ ਕੀ ਕਾਰਨ ਹੈ ਅਤੇ ਇਸ ਨੂੰ ਖਤਮ ਕਰਨ ਲਈ ਕੀ ਕਰਨਾ ਚਾਹੀਦਾ ਹੈ ??***

ਪਰ ਅੱਜ ਦਾ ਮਨੁੱਖ ਆਪਣੀ ਜਾਤੀ ਅਤੇ ਰੀਤੀ ਰਿਵਾਜਾਂ ਨਾਲ ਇੰਨਾ ਜੁੜ ਗਿਆ ਹੈ ਕਿ ਉਹ ਬੁੱਧ ਦੀਆ ਇਹਨਾਂ ਸਿੱਖਿਆਵਾਂ ਨੂੰ ਪੜ੍ਹਨਾ-ਸੁਣਨਾ ਵੀ ਪਸੰਦ ਨਹੀਂ ਕਰਦਾ ਕਿਉਕਿ ਤਥਾਗਤ ਬੁੱਧ ਕਹਿੰਦੇ ਹਨ ਕਿ ਮਨੁੱਖ ਆਪਣੇ ਦੁੱਖ ਆਪ ਹੀ ਪੈਦਾ ਕਰਦਾ ਹੈ ਅਤੇ ਇਹਨਾਂ ਦਾ ਖਾਤਮਾ ਵੀ ਮਨੁੱਖ ਖੁਦ ਹੀ ਕਰ ਸਕਦਾ ਹੈ ਜਦਕਿ ਬਾਬੇ, ਡੇਰੇ ਮਨੁੱਖ ਨੂੰ ਇਹ ਸਮਝਾ ਰਹੇ ਹਨ ਕਿ ਤੇਰੇ ਦੁੱਖ ਇਸ ਲਈ ਹਨ ਕਿ ਤੂੰ ਛੋਟੀ ਜਾਤ ਵਿੱਚ ਪੈਦਾ ਹੋਇਆ ਹੈ, ਪਿਛਲੇ ਜਨਮਾਂ ਦੇ ਦੁੱਖ ਭੋਗ ਰਿਹਾ ਹੈ ਅਤੇ ਪੂਰਨ ਪ੍ਰਮਾਤਮਾ ਜਾਂ ਗੁਰੂ ਤੇਰੇ ਦੁੱਖਾਂ ਦਾ ਨਾਂਸ ਕਰੇਗਾ॥ ਬਸ ਤੂੰ ਡੇਰੇ ਆਓਂਦਾ ਰਹਿ ਅਤੇ ਡੇਰੇ ਪ੍ਰਤੀ ਆਪਣੀ ਪੂਰਨ ਸਰਧਾ ਰੱਖੀ। ਤੇਰੇ ਦੁੱਖ ਜਰੂਰ ਠੀਕ ਹੋਣਗੇ। ਮਰਨ ਤੋਂ ਬਾਅਦ ਤੈਨੂੰ ਸਵਰਗ ਮਿਲੇਗਾ.. (ਆਦਿ)। ਪਰ ਇਹ ਮਨੁੱਖ ਸਤਿਗੁਰੂ ਰਵਿਦਾਸ ਜੀ ਦੀ ਇਹ ਗੱਲ ਵੀ ਨਹੀਂ ਸਮਝ ਰਿਹਾ ਜਿੱਥੇ ਗੁਰੂ ਜੀ ਕਹਿੰਦੇ ਹਨ ਕਿ *ਮਾਧੋ ਅਵਿਦਿਆ ਹਿੱਤ ਕੀਨ, ਵਿਵੇਕ ਦੀਪ ਮਲੀਨ* ਕਿ ਅਗਿਆਨ ਨਾਲ ਪਿਆਰ ਕਰਨ ਕਰਕੇ ਤੇਰੇ ਵਿਵੇਕ ਭਾਵ ਸਮਝ ਤੇ ਪਰਦਾ ਪੈ ਚੁੱਕਾ ਹੈ। ਮਨੁੱਖ ਇਹ ਸਮਝ ਹੀ ਨਹੀਂ ਪਾ ਰਿਹਾ ਕਿ ਡੇਰਿਆ, ਬਾਬਿਆ, ਗੁਰੂ ਪ੍ਰਤੀ ਅੰਨੀ ਸਰਧਾ ਰੱਖਣ ਨਾਲ ਉਸ ਦੇ ਕਿੰਨੇ ਦੁੱਖ ਦੂਰ ਹੋ ਗਏ? ਅੱਜ ਵੀ ਸਾਰੇ ਗੁਲਾਮ ਹੀ ਹਨ। ਦੁੱਖੀ ਹੀ ਹਨ।

ਪਰ ਇਸ ਤੇ ਵਿਚਾਰ ਕਰਨ ਲਈ ਉਸ ਕੋਲ ਬੁੱਧ ਭਾਵ ਗਿਆਨ ਹੀ ਨਹੀਂ ਹੈ॥ ਕਿਉਕਿ ਉਹਨਾਂ ਗਿਆਨ ਭਾਵ ਬੁੱਧ ਨਾਲ ਤਾਂ ਮਨ ਵਿੱਚ ਬਹੁਤ ਜਿਆਦਾ ਨਫਰਤ ਪਾਲੀ ਹੋਈ ਹੈ। ਉਹ ਨਫਰਤ ਦੀ ਅੱਗ ਉਸ ਨੂੰ ਅੰਦਰੋ ਅੰਦਰੀ ਸਾੜੀ ਜਾ ਰਹੀ ਹੈ ਅਤੇ ਇਹ ਮਨੁੱਖ ਅਗਿਆਨ ਦੀ ਸਰਣ ਪ੍ਰਾਪਤ ਕਰ ਕੇ ਸੋਚਦਾ ਹੈ ਕਿ ਬੁੱਧ ਗਿਆਨ ਨੂੰ ਸਮਝਣ ਵਾਲੇ ਲੋਕ ਹੀ ਉਸ ਦੇ ਦੁਸ਼ਮਣ ਹਨ। ਜਿਸ ਪ੍ਰਕਾਰ ਹਨੇਰਾ ਸਮਝਦਾ ਹੈ ਕਿ ਮੇਰਾ ਦੁਸ਼ਮਣ ਪ੍ਰਕਾਸ਼ ਹੈ। ਪ੍ਰਕਾਸ਼ ਕਾਰਨ ਹਨੇਰੇ ਦੀ ਮੋਜਦੂਗੀ ਖਤਮ ਹੋ ਜਾਂਦੀ ਹੈ ਪਰ ਪ੍ਰਕਾਸ਼ ਕਦੇ ਵੀ ਹਨੇਰੇ ਨੂੰ ਆਪਣਾ ਦੁਸ਼ਮਣ ਨਹੀਂ ਸਮਝਦਾ।

ਅੱਜ ਵੀ ਇਹ ਡੇਰੇ ਮਨੁੱਖ ਨੂੰ ਹਨੇਰੇ ਨਾਲ ਪਿਆਰ ਕਰਨਾ ਸਿਖਾ ਰਹੇ ਹਨ ਅਤੇ ਮਨੁੱਖ ਨੂੰ ਮਨੁੱਖ ਨਾਲੋ ਤੋੜਨ ਲਈ ਨਵੇਂ ਨਵੇਂ ਧਰਮਾਂ ਦੇ ਚੱਕਰ ਵਿੱਚ ਫਸਾ ਰਹੇ ਹਨ ਕਿ ਕਦੀ ਇੱਕ ਨਾ ਹੋ ਸਕਣ।

ਬਾਬਾ ਸਾਹਿਬ ਜੀ ਨੇ 'ਜਾਤ ਪਾਤ ਦਾ ਬੀਜ ਨਾਸ਼' ਕਿਤਾਬ ਲਿਖ ਕੇ ਇਹ ਹੀ ਸੁਨੇਹਾ ਦਿੱਤਾ ਹੈ ਕਿ ਸਾਨੂੰ ਸਭ ਨੂੰ ਇਸ ਜਾਤ ਪਾਤ ਦੇ ਬੀਜ ਦਾ ਨਾਸ਼ ਕਰਨਾ ਚਾਹੀਦਾ ਹੈ ਅਤੇ ਬੁੱਧ ਸਿੱਖਿਆਵਾਂ ਨੂੰ ਜਾਨਣਾ ਚਾਹੀਦਾ ਹੈ ਅਤੇ ਆਚਰਣ ਤੇ ਉਤਾਰਨਾ ਚਾਹੀਦਾ ਹੈ॥ ਲੋਕ ਭਲਾਈ ਦੇ ਕੰਮਾਂ ਨੂੰ ਵੱਧ ਤੋਂ ਵੱਧ ਕਰਨਾ ਚਾਹੀਦਾ ਹੈ॥


ਬਾਬਾ ਸਾਹਿਬ ਜੀ ਦੀ ਅੰਤਿਮ ਇਛਾ ਇਹ ਹੀ ਸੀ ਕਿ ਸਾਰੇ ਬੁੱਧ ਧੰਮ ਨੂੰ ਹੀ ਸਵਿਕਾਰ ਕਰਨ ਅਤੇ ਇਹ ਦੇਸ਼ ਬੋਧਮਈ ਦੇਸ਼ ਬਣ ਜਾਵੇ ਕਿਉਕਿ ਤਥਾਗਤ ਸੱਮਿਅਕ ਸਮਬੁੱਧ ਇਸ ਦੇਸ਼ ਵਿੱਚ ਪੈਦਾ ਹੋਏ ਅਤੇ ਉਹਨਾਂ ਦੀਆ ਸਿੱਖਿਆਵਾਂ ਮਨੁੱਖ ਦੇ ਪੂਰੇ ਕਲਿਆਣ ਲਈ ਹੀ ਹਨ॥

ਸੋ ਸਭ ਧੰਮ ਬੰਧੂਆ ਨੂੰ ਜਾਤ ਪਾਤ ਵਹੀਨ ਧੰਮ ਹੀ ਸਵਿਕਾਰ ਕਰਨਾ ਚਾਹੀਦਾ ਹੈ ਜੋ ਬਾਬਾ ਸਾਹਿਬ ਜੀ ਵੀ ਸਾਨੂੰ ਸਮਝਾ ਗਏ ਹਨ॥

**ਸਭ ਲਈ ਮੰਗਲ ਮੈਤਰੀ**

**ਰਾਜ ਕੁਮਾਰ ਬੋਧ (ਨਕੋਦਰ)**

# ਜੰਗ–ਏ–ਆਜ਼ਾਦੀ ਕੌਰੀਡੋਰ ਦੀ ਦੁਰਦਸ਼ਾ



ਇਸ ਲੇਖ ਦੇ ਮਾਧਿਅਮ ਰਾਹੀਂ ਆਪਣਾ ਦੋ ਸਾਲ ਪਹਿਲਾਂ ਦਾ ਤਜਰਬਾ ਸਾਂਝਾ ਕਰ ਰਿਹਾ ਹਾਂ। ਜੇਕਰ ਹਾਲੀਆ ਗੱਲ ਕਰਾਂ ਤਾਂ ਸੁਣਨ ਵਿੱਚ ਆਇਆ ਹੈ ਕਿ 7 ਮਈ 2025 ਨੂੰ ਅਪਰੇਸ਼ਨ ਸੰਧੂਰ ਤੋਂ ਬਾਅਦ ਸੁਰੱਖਿਆ ਕਾਰਨਾਂ ਕਰਕੇ ਇਸ ਕੌਰੀਡੋਰ ਨੂੰ ਬੰਦ ਕਰ ਦਿੱਤਾ ਗਿਆ ਸੀ। ਹਾਲਾਂਕਿ ਸ਼੍ਰੋਮਣੀ ਕਮੇਟੀ ਨੇ ਮੰਗ ਕਰੀ ਸੀ ਕਿ ਜੇਕਰ ਕ੍ਰਿਕਟ ਮੈਚ ਹੋ ਸਕਦੇ ਹਨ ਤਾਂ ਧਾਰਮਿਕ ਰਸਤਾ ਕਿਉਂ ਬੰਦ ਹੈ? ਖ਼ੈਰ ਪੜ੍ਹ ਕੇ ਤੁਸੀਂ ਖੁਦ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਥਾਂ ਕਿੰਨੀ ਕੁ ਦੇਖਣ ਯੋਗ ਹੈ।

ਲਗਭਗ 25 ਏਕੜ ਜ਼ਮੀਨ, 500 ਕਰੋੜ ਦੇ ਕਰੀਬ ਖਰਚਾ, ਵਿੱਚ ਬਣੀਆਂ ਵਿਸ਼ਾਲ ਆਕਾਰ ਗੋਲਾਕਾਰ ਇਮਾਰਤਾਂ ਦਾ ਸਮੂਹ। ਗੱਲ ਕਰ ਰਿਹਾ ਹਾਂ ਜੰਗ–ਏ–ਆਜ਼ਾਦੀ ਕੌਰੀਡੋਰ ਕਰਤਾਰਪੁਰ ਦੀ। ਬੜੇ ਚਿਰ ਦੀ ਰੀਝ ਸੀ ਇਸ ਨੂੰ ਦੇਖਣ ਦੀ। ਮੇਰਾ ਖਿਆਲ ਬਾਹਰੀ ਚਮਕ ਦਮਕ ਦੇਖ ਕੇ ਕੋਈ ਵੀ ਦਾਰਸ਼ਨਿਕ ਬਿਨਾਂ ਦੇਖੇ ਕੋਲ਼ੋਂ ਨਹੀਂ ਲੰਘ ਸਕੇਗਾ। ਖੈਰ ਅੰਮ੍ਰਿਤਸਰ ਵਾਪਸੀ ਤੇ ਵੇਖਣ ਦਾ ਮਨ ਬਣਾ ਲਿਆ ਤੇ ਟਿਕਟ ਕਾਊਂਟਰ ਤੋਂ ਟਿਕਟਾਂ (100 ਰੁਪਏ ਪ੍ਰਤੀ ਵਿਅਕਤੀ) ਲੈ ਲਈਆਂ ਪਰ ਜਿਵੇਂ ਕਹਿੰਦੇ ਨੇ ਕਿ ਘਰ ਦੇ ਭਾਗ ਡਿਉੜੀ ਤੋਂ ਹੀ ਪਤਾ ਲੱਗ ਜਾਂਦੇ ਨੇ, ਟਿਕਟ ਕੱਟਣ ਤੋਂ ਬਾਅਦ ਖਜ਼ਾਨਚੀ ਕੁੜੀ ਕਹਿੰਦੀ, "ਸਰ ਅੰਦਰ ਚੱਲਣ ਵਾਲੀ ਡੇਢ ਘੰਟੇ ਦੀ ਫ਼ਿਲਮ ਸਿਰਫ ਦੋ ਦਿਨ ਹੀ ਚਲਦੀ ਏ ਤੇ ਅੱਜ ਨਹੀਂ ਚੱਲੇਗੀ"।

ਖ਼ੈਰ ਟਿਕਟ ਲੈ ਕੇ ਅੰਦਰ ਚਲੇ ਗਏ। ਅੰਦਰ 6 ਵੱਖ-ਵੱਖ ਕੌਰੀਡੋਰ (ਵੱਡੇ-ਹਾਲ) ਬਣੇ ਹੋਏ ਨੇ ਜਿਹਨਾਂ ਵਿੱਚ ਇਤਿਹਾਸ ਨਾਲ ਸੰਬੰਧਿਤ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਪਹਿਲਾ ਹਾਲ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਭਾਗ ਨਾਲ ਸੰਬੰਧਿਤ ਹੈ। ਅੰਦਰ ਵਧੀਆ ਕੁਰਸੀਆਂ ਲੱਗੀਆਂ ਨੇ, ਜਿਨ੍ਹਾਂ ਤੇ ਬੈਠ ਕੇ ਤੁਸੀਂ ਸੰਬੰਧਿਤ ਜਾਣਕਾਰੀ ਸੁਣ ਸਕਦੇ ਹੋ ਤੇ ਸਕਰੀਨ 'ਤੇ ਚੱਲਦੀਆਂ ਤਸਵੀਰਾਂ ਦੇਖ ਸਕਦੇ ਹੋ।



ਦੂਜੇ, ਤੀਜੇ, ਚੌਥੇ ਤੇ ਪੰਜਵੇਂ ਹਾਲ ਵਿੱਚ ਗਦਰੀ ਦੇਸ਼ ਭਗਤਾਂ ਦੀਆਂ ਤਸਵੀਰਾਂ, ਕਾਮਾਗਾਟਾਮਾਰੂ ਜਹਾਜ਼ ਅਤੇ ਕਾਲੇ ਪਾਣੀ ਦੀ ਜੇਲ ਦਾ ਮਾਡਲ, ਨਨਕਾਣਾ ਸਾਹਬ ਗੁਰਦੁਆਰਾ, ਖ਼ਾਲਸਾ ਕਾਲਜ ਅਤੇ ਅਕਾਲੀ ਲਹਿਰ ਨਾਲ ਸੰਬੰਧਿਤ ਜਾਣਕਾਰੀ, ਨਾਮਧਾਰੀ ਕੂਕਿਆਂ, ਕਰਮ ਚੰਦ ਗਾਂਧੀ, ਸੁਭਾਸ਼ ਚੰਦਰ ਬੋਸ, ਭਗਤ ਸਿੰਘ ਅਤੇ ਸਾਥੀਆਂ ਦੀ ਬਹਾਦਰੀ ਨੂੰ ਦਰਸਾਉਂਦੇ ਬਹੁਤ ਸ਼ਾਨਦਾਰ ਬੁੱਤ ਬਣੇ ਹੋਏ ਹਨ।

ਛੇਵੇਂ ਅਤੇ ਆਖਰੀ ਹਾਲ ਵਿੱਚ ਜ਼ਲ੍ਹਿਆਂ ਵਾਲੇ ਬਾਗ ਦੀ ਬਹੁਤ ਸ਼ਾਨਦਾਰ ਝਾਕੀ ਪੇਸ਼ ਕੀਤੀ ਗਈ ਹੈ।

ਸੰਖੇਪ ਵਿੱਚ ਲਿਖਣਾ ਬਹੁਤ ਮੁਸ਼ਕਲ ਹੈ। ਕੁੱਲ ਮਿਲਾ ਕੇ ਇਮਾਰਤ ਤਾਂ ਬਹੁਤ ਸ਼ਾਨਦਾਰ ਬਣੀ ਸੀ ਪਰ ਦੇਖ-ਰੇਖ ਤੇ ਸਾਂਭ-ਸੰਭਾਲ ਪੱਖੋਂ ਰੁਲ ਗਈ ਹੈ ਤੇ ਰੁਲ ਰਹੀ ਹੈ। ਦਰਸ਼ਕਾਂ ਨੂੰ ਟਿਕਟਾਂ ਤਾਂ ਬਰਾਬਰ ਵੇਚੀਆਂ ਜਾ ਰਹੀਆਂ ਹਨ ਪਰ ਸਫਾਈ ਦਾ ਕੋਈ ਪ੍ਰਬੰਧ ਨਹੀਂ। ਥਾਂ-ਥਾਂ 'ਤੇ ਕਚਰਾ ਖਿੱਲਰਿਆ ਪਿਆ ਹੈ। ਪੂਰੇ ਕੌਰੀਡੋਰ ਵਿੱਚ ਸਿਰਫ ਇੱਕ ਹੀ ਸਫ਼ਾਈ ਸੇਵਕ ਹੈ ਤੇ ਗੁਸਲਖਾਨੇ ਧੂੜ-ਮਿੱਟੀ ਨਾਲ ਭਰੇ ਹੋਏ ਹਨ। ਜੋ ਚੀਜ਼ ਖਰਾਬ ਹੋ ਗਈ ਜਾਂ ਟੁੱਟ ਗਈ ਉਸ ਨੂੰ ਬਦਲਿਆ ਨਹੀਂ ਗਿਆ। ਪਿਛਲੇ ਦਸ ਸਾਲ ਤੋਂ ਕੋਈ ਮੁਰੰਮਤ ਜਾਂ ਰਿਪੇਅਰ ਨਹੀਂ ਕੀਤੀ ਗਈ। ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਵਿੱਚ ਜਾਣਕਾਰੀ ਦੇਣ ਵਾਲੀਆਂ ਅੱਧੀਆਂ ਤੋਂ ਵੱਧ ਟੱਚ-ਸਕਰੀਨਾਂ ਖਰਾਬ ਹੋ ਚੁੱਕੀਆਂ ਹਨ। ਥੀਏਟਰ ਜਾਂ ਸਿਨੇਮਾ ਬੰਦ ਪਿਆ ਹੈ। ਕੋਈ ਗਾਈਡ ਨਹੀਂ ਤੇ ਜੇ ਕੋਈ ਹੈ ਤਾਂ ਉਹ ਆਰਾਮ ਨਾਲ ਬੈਠਾ ਰਹਿੰਦਾ ਹੈ। ਹਾਲ ਤੋਂ ਬਾਹਰ ਬਣੇ ਬੁੱਤਾਂ 'ਤੇ ਕਬੂਤਰ ਬਿੱਠਾਂ ਕਰ ਕੇ ਗੰਦ ਪਾ ਰਹੇ ਹਨ। ਪਾਣੀ ਬਾਝੋਂ ਪਾਰਕਾਂ ਵਿੱਚ ਲੱਗੇ ਬੂਟੇ ਸੁੱਕ ਰਹੇ ਹਨ।

ਕਹਿ ਸਕਦੇ ਹਾਂ ਕਿ ਕੌਰੀਡੋਰ ਸਰਕਾਰ ਦੀ ਅਣਦੇਖੀ ਦਾ ਸ਼ਿਕਾਰ ਹੋ ਰਿਹਾ ਹੈ। ਮੰਨ ਲਓ ਜੇਕਰ ਪਹਿਲੀਆਂ ਸਰਕਾਰਾਂ ਨੇ ਕੁਝ ਗਲਤ ਕਰਿਆ ਹੈ, ਗਲਤ ਜਾਣਕਾਰੀ ਮੁਹੱਈਆ ਕਰਵਾਈ ਹੈ ਜਾਂ ਫਿਰ ਹੇਰਾਫੇਰੀ ਹੋਈ ਹੈ ਤਾਂ ਮੌਜੂਦਾ ਸਰਕਾਰ ਨੂੰ ਚਾਹੀਦਾ ਹੈ ਕਿ ਲੋਕਾਂ ਦੇ ਪੈਸੇ ਨਾਲ ਬਣੀ ਇਸ ਵਿਸ਼ਾਲ ਇਮਾਰਤ ਦੀ ਰਾਖੀ ਕੀਤੀ ਜਾਵੇ ਤੇ ਸਾਂਭ-ਸੰਭਾਲ ਕਰ ਕੇ, ਮੁਰੰਮਤ ਕਰਵਾ ਕੇ ਦੁਬਾਰਾ ਨਵੇਂ ਸਿਰੇ ਤੋਂ ਲੋਕਾਂ ਦੇ ਵੇਖਣ ਯੋਗ ਬਣਾਈ ਜਾਵੇ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਮੌਜੂਦਾ ਸਰਕਾਰ ਦਾ ਹੀ ਅਕਸ ਖਰਾਬ ਹੋ ਰਿਹਾ ਹੈ।



**ਗੁਰਜਿੰਦਰ ਸਿੰਘ ਸਾਹਦੜਾ**
9815302341

# ਵੋਹ ਸਤੱਤਰ ਦਿਨ (ਭਾਗ 8)

ਅਸੀਂ ਆਸਟਰੇਲੀਆ ਮਾਰਚ ਦੇ ਦੂਜੇ ਹਫਤੇ ਹੀ ਗਏ ਸਾਂ। ਇਸਦਾ ਵੀ ਇੱਕ ਕਾਰਨ ਸੀ। 29 ਮਾਰਚ ਨੂੰ ਪੋਤੀ ਸੁਖਮਣੀ ਦਾ ਜਨਮਦਿਨ ਸੀ। ਉਸਦਾ ਪਹਿਲਾ ਜਨਮਦਿਨ ਤਾਂ ਕਰੋਨਾਕਾਲ ਦੀ ਭੇਟ ਚੜ੍ਹ ਗਿਆ ਸੀ। ਫਿਰ ਅਸੀਂ ਉਸਦੇ ਦੂਜੇ ਅਤੇ ਤੀਜੇ ਜਨਮਦਿਨ 2021 ਅਤੇ 2022 ਵਿੱਚ ਹੀ ਆਪਣੀ ਹਾਜ਼ਰੀ ਵਿੱਚ ਮਨਾ ਸਕੇ ਸਾਂ। ਉਸ ਤੋਂ ਬਾਅਦ ਇਹ ਆਸਟਰੇਲੀਆ ਆ ਗਈ। ਫਿਰ ਅਗਲੇ ਤਿੰਨ ਜਨਮਦਿਨ 2023, 2024 ਤੇ 2025 ਉਸਨੇ ਐਡੀਲੇਡ ਵਿੱਚ ਹੀ ਮਨਾਏ। ਛੇਵਾਂ ਜਨਮਦਿਨ ਅਸੀਂ ਆਪਣੀ ਹਾਜ਼ਰੀ ਵਿੱਚ ਮਨਾਉਣਾ ਚਾਹੁੰਦੇ ਸਾਂ। ਇਹ ਉਸਦੀ ਅਤੇ ਉਸਦੇ ਮੰਮੀ ਪਾਪਾ ਦੀ ਰੀਝ ਵੀ ਸੀ। ਮੌਕਾ ਵੀ ਵਧੀਆ ਸੀ। ਇਸ ਬਹਾਨੇ ਅਸੀਂ ਮਿਲ ਵੀ ਆਏ ਅਤੇ ਉਸਦੀਆਂ ਖੁਸ਼ੀਆਂ ਦੇ ਗਵਾਹ ਵੀ ਬਣ ਗਏ। ਬੱਚਿਆਂ ਨੂੰ ਵੀ ਆਪਣੇ ਦਾਦਾ ਦਾਦੀ ਦਾ ਚਾਅ ਹੁੰਦਾ ਹੈ ਨਾ। ਜਿਵੇਂ ਕਹਿੰਦੇ ਹਨ, "ਇਹ ਮੌਕਾ ਵੀ ਸੀ ਤੇ ਦਸਤੂਰ ਵੀ"। ਬਾਕੀ ਪ੍ਰਾਪਤੀਆਂ ਨਾਲੋਂ ਇਹ ਪ੍ਰਾਪਤੀ ਸਾਡੇ ਲਈ ਵੱਡੀ ਸੀ। ਉਸਦੇ ਪਿਛਲੇ ਤਿੰਨ ਜਨਮਦਿਨ ਅਸੀਂ ਬਸ ਫੋਟੋਆਂ ਅਤੇ ਵੀਡੀਓ ਵੇਖ ਕੇ ਹੀ ਮਨਾਏ ਸਨ। ਭਾਵੇਂ ਜ਼ਿਆਦਾਤਰ ਵਾਰ ਸਾਡੀ ਲਾਈਵ ਪਾਰਟੀਸੀਪੇਸ਼ਨ ਹੁੰਦੀ ਸੀ, ਪਰ ਉਹ ਗੱਲ ਕਿੱਥੇ ਬਣਦੀ ਹੈ। ਇਸ ਵਾਰ ਅਸੀਂ ਉੱਥੇ ਹਾਜ਼ਰ ਸਾਂ। ਸੁਖਮਣੀ ਅਤੇ ਉਸਦੀ ਮੰਮੀ ਸਾਨੂੰ ਮਹਿਮਾਨਾਂ ਨਾਲ ਮਿਲਾਉਂਦੇ। ਅਸੀਂ ਖੁਦ ਵੀ ਮਹਿਮਾਨਾਂ ਨੂੰ



ਆਪਣੇ ਬਾਰੇ ਦੱਸਦੇ। ਬਸ ਇਹੀ ਤਾਂ ਮਨ ਦੀ ਰੀਝ ਸੀ ਕਿ ਅਸੀਂ ਮਹਿਮਾਨ ਨਹੀਂ, ਮੇਜ਼ਬਾਨ ਬਣੀਏ। ਮਨ ਨੂੰ ਤਸੱਲੀ ਹੋਈ ਕਿ ਅਸੀਂ ਪੋਤੀ ਦੇ ਜਨਮਦਿਨ ਦੇ ਜਸ਼ਨ ਵਿੱਚ ਸ਼ਾਮਲ ਹੋਏ। ਇਹ ਇਨਸਾਨੀ ਫਿਤਰਤ ਵੀ ਹੈ ਕਿ ਜੋ ਅੱਖਾਂ ਤੋਂ ਦੂਰ ਹੋਵੇ ਉਸਦੇ ਲਈ ਮੋਹ ਬਹੁਤ ਵਧ ਜਾਂਦਾ ਹੈ, ਤੇ ਜਦੋਂ ਨੇੜੇ ਰਹੀਏ ਤਾਂ ਕਈ ਵਾਰ ਭਾਂਡੇ ਵੀ ਖੜਕ ਜਾਂਦੇ ਹਨ। ਵੈਸੇ ਸ਼ਿਕਵੇ ਸ਼ਿਕਾਇਤਾਂ, ਰੁਸਣਾ ਮਨਾਉਣਾ ਇਹ ਸਭ ਤਾਂ ਆਪਣਿਆਂ ਦੇ ਹਿੱਸੇ ਹੀ ਆਉਂਦਾ ਹੈ। ਬੇਗਾਨੇ ਨਾ ਕਿਸੇ ਦੀ ਧੌਂਸ ਝੱਲਦੇ ਹਨ ਨਾ ਕਿਸੇ ਨੂੰ ਮਨਾਉਂਦੇ ਹਨ। ਸ਼ੁਰੂ ਦੇ ਕੁਝ ਦਿਨ ਤਾਂ ਇੰਝ ਹੀ ਬੀਤ ਗਏ। ਇੰਨੇ ਸਮੇਂ ਬਾਅਦ ਮਿਲੇ ਸਾਂ, ਮਿਲਣ ਦਾ ਚਾਅ ਹੀ ਨਹੀਂ ਸੀ ਮੁੱਕਣਾ। ਫਿਰ ਵਾਪਸੀ ਦੀਆਂ ਟਿਕਟਾਂ ਬੁੱਕ ਕਰਾਉਣ ਦੀ ਚਰਚਾ ਛਿੜ ਗਈ। ਨਿੱਤ ਕੋਈ ਨਾ ਕੋਈ ਅੰਤਰਰਾਸ਼ਟਰੀ ਹਲਚਲ ਹੁੰਦੀ ਰਹਿੰਦੀ ਤੇ ਵਾਪਸੀ ਦਾ ਫਿਕਰ ਲੱਗ ਜਾਂਦਾ।

ਟਿਕਟਾਂ ਬੁੱਕ ਹੁੰਦਿਆਂ ਸਾਰ ਹੀ ਉਲਟੀ ਗਿਣਤੀ ਸ਼ੁਰੂ ਹੋ ਗਈ। ਪਹਿਲਾਂ ਅਸੀਂ ਗਿਣਦੇ ਸਾਂ ਕਿ ਆਇਆਂ ਨੂੰ ਇੰਨੇ ਦਿਨ ਹੋ ਗਏ। ਫਿਰ ਸ਼ੁਰੂ ਹੋ ਗਿਆ ਕਿ ਜਾਣ ਨੂੰ ਇੰਨੇ ਦਿਨ ਰਹਿ ਗਏ। ਮਿਲਣ ਦੇ ਨਾਲ ਹੀ ਵਿਛੜਨ ਦੀ ਘੜੀ ਵੀ ਤੈਅ ਹੋ ਜਾਂਦੀ ਹੈ। ਜਦੋਂ ਵਾਪਸੀ ਦੀਆਂ ਟਿਕਟਾਂ ਬੁੱਕ ਹੋ ਗਈਆਂ ਤਾਂ ਫਿਰ ਗਿਣਤੀ ਸ਼ੁਰੂ ਹੋ ਗਈ।

ਵੀਹ ਦਿਨ, ਦੋ ਹਫਤੇ, ਦਸ ਦਿਨ, ਹਫਤਾ, ਪੰਜ, ਚਾਰ, ਤਿੰਨ, ਦੋ, ਇੱਕ ਕਰਦੇ ਕਰਦੇ 28 ਮਈ ਆ ਹੀ ਗਈ।ਜੇ ਅਸੀਂ ਉੱਥੇ ਬਹੁਤ ਕੁਝ ਅਨਮੋਲ ਛੱਡ ਕੇ ਆਏ ਹਾਂ, ਤਾਂ ਨਾਲ ਬਹੁਤ ਸਾਰੀਆਂ ਕੀਮਤੀ ਯਾਦਾਂ ਵੀ ਲੈ ਕੇ ਆਏ ਹਾਂ। ਉੱਥੇ ਰਹਿਣਾ ਵੀ ਜ਼ਿੰਦਗੀ ਦੇ ਅਨਮੋਲ ਪਲ ਸਨ ਅਤੇ ਨਾਲ ਲਿਆਂਦੀਆਂ ਕੌੜੀਆਂ ਮਿੱਠੀਆਂ ਯਾਦਾਂ ਉਸ ਤੋਂ ਵੀ ਅਨਮੋਲ ਹਨ।

**ਰਮੇਸ਼ ਸੇਠੀ ਬਾਦਲ**
9876627233

# ਪੁਸਤਕ ਪੜਚੋਲ: ਅੰਤਰ-ਚੇਤਨਾ ਦੀ ਰੌਸ਼ਨੀ ਦਾ ਕਾਵਿ : ਰਾਜੀਵ ਸੇਠ ਦਾ 'ਮੇਰੇ ਹਿੱਸੇ ਦਾ ਸੂਰਜ'

ਆਧੁਨਿਕ ਪੰਜਾਬੀ ਕਵਿਤਾ ਦਾ ਇੱਕ ਮਹੱਤਵਪੂਰਨ ਰੁਝਾਨ ਇਹ ਹੈ ਕਿ ਉਹ ਬਾਹਰੀ ਯਥਾਰਥ ਨਾਲੋਂ ਮਨੁੱਖ ਦੀ ਅੰਦਰਲੀ ਦੁਨੀਆ ਨੂੰ ਵੱਧ ਮਹੱਤਵ ਦੇਣ ਲੱਗੀ ਹੈ। ਇਸੇ ਧਾਰਾ ਵਿੱਚ ਰਾਜੀਵ ਸੇਠ ਦਾ ਨਵ-ਪ੍ਰਕਾਸ਼ਿਤ ਕਾਵਿ ਸੰਗ੍ਰਹਿ 'ਮੇਰੇ ਹਿੱਸੇ ਦਾ ਸੂਰਜ' ਆਪਣੀ ਵੱਖਰੀ ਪਛਾਣ ਬਣਾਉਂਦਾ ਹੈ। ਇਹ ਸੰਗ੍ਰਹਿ ਕਿਸੇ ਵਿਚਾਰਧਾਰਾ ਦਾ ਨਾਅਰਾ ਨਹੀਂ ਲਾਉਂਦਾ, ਨਾ ਹੀ ਸਮਾਜਿਕ ਵਿਸੰਗਤੀਆਂ ਦਾ ਸਿੱਧਾ ਬਿਆਨ ਕਰਦਾ ਹੈ; ਸਗੋਂ ਮਨੁੱਖ ਦੇ ਅੰਦਰੂਨੀ ਪ੍ਰਕਾਸ਼ ਦੀ ਖੋਜ ਨੂੰ ਆਪਣਾ ਕਾਵਿਕ ਉਦੇਸ਼ ਬਣਾਉਂਦਾ ਹੈ। ਕਵੀ ਲਈ "ਸੂਰਜ" ਕੇਵਲ ਆਕਾਸ਼ੀ ਵਸਤੂ ਨਹੀਂ, ਸਗੋਂ ਅੰਤਰ-ਚੇਤਨਾ, ਪ੍ਰੇਮ, ਸੱਚ ਅਤੇ ਆਤਮ-ਬੋਧ ਦਾ ਪ੍ਰਤੀਕ ਹੈ। ਸੰਗ੍ਰਹਿ ਦਾ ਸਿਰਲੇਖ ਹੀ ਇਸ ਅੰਦਰੂਨੀ ਯਾਤਰਾ ਦੀ ਦਿਸ਼ਾ ਨਿਰਧਾਰਤ ਕਰ ਦਿੰਦਾ ਹੈ।

ਸੰਗ੍ਰਹਿ ਦੀਆਂ 50 ਕਵਿਤਾਵਾਂ ਨੂੰ ਪੜ੍ਹਦਿਆਂ ਸਭ ਤੋਂ ਪਹਿਲਾਂ ਜੋ ਗੱਲ ਧਿਆਨ ਖਿੱਚਦੀ ਹੈ ਕਿ ਕਵੀ ਦੇ ਵਿਚਾਰ ਕਿਤਾਬੀ ਨਹੀਂ ਲੱਗਦੇ, ਸਗੋਂ ਜੀਵਨ ਵਿਚੋਂ ਪ੍ਰਾਪਤ ਤਜ਼ਰਬਿਆਂ ਨੂੰ ਕਾਵਿਕ ਰੂਪ ਵਿਚ ਪ੍ਰਗਟਾਉਂਦੇ ਹਨ। 'ਯੰਮੀ' ਵਰਗੀ ਕਵਿਤਾ ਇਸ ਦਾ ਵਧੀਆ ਉਦਾਹਰਨ ਹੈ। ਇੱਕ ਸਧਾਰਨ ਜਿਹੀ ਰਸੋਈ ਅਤੇ ਪੀਜ਼ਾ ਬਣਾਉਣ ਦੀ ਪ੍ਰਕਿਰਿਆ ਨੂੰ ਕਵੀ ਪ੍ਰੇਮ, ਸਿਰਜਣ ਅਤੇ ਜੀਵਨ ਦੀ ਰਸਾਇਣਕ ਕਿਰਿਆ ਵਿੱਚ ਬਦਲ ਦਿੰਦਾ ਹੈ। ਮੈਦੇ, ਖਮੀਰ, ਅੱਗ ਅਤੇ ਸਵਾਦ ਦੇ ਬਿੰਬ ਅਚਾਨਕ ਮਨੁੱਖੀ ਰਿਸ਼ਤਿਆਂ ਅਤੇ ਸਿਰਜਣ ਦੀ ਪ੍ਰਕਿਰਿਆ ਨਾਲ ਜੁੜ ਜਾਂਦੇ ਹਨ। ਆਮ ਚੀਜ਼ ਨੂੰ ਅਸਾਧਾਰਨ ਅਰਥ ਦੇਣ ਦੀ ਇਹ ਸਮਰੱਥਾ ਕਵੀ ਦੀ




ਸਿਰਜਣਾਤਮਕ ਸ਼ਕਤੀ ਦਾ ਪ੍ਰਮਾਣ ਹੈ।

ਸੰਗ੍ਰਹਿ ਦਾ ਦੂਜਾ ਮਹੱਤਵਪੂਰਨ ਪੱਖ ਅੰਦਰੂਨੀ ਸੰਘਰਸ਼ ਅਤੇ ਆਤਮ-ਮੰਥਨ ਹੈ। 'ਟੇਢ' ਵਿੱਚ ਕਵੀ ਆਪਣੇ ਆਪ ਨੂੰ ਹੀ ਤਰਾਸ਼ਣ ਦੀ ਪ੍ਰਕਿਰਿਆ ਵਿੱਚ ਹੈ। ਇੱਥੇ ਸੰਘਰਸ਼ ਕਿਸੇ ਬਾਹਰੀ ਦੁਸ਼ਮਣ ਨਾਲ ਨਹੀਂ, ਮਨੁੱਖ ਦੇ ਆਪਣੀ ਹੀ ਅੰਤਰ-ਆਤਮਾ ਦੇ ਅਧੂਰੇਪਣ ਨਾਲ ਹੈ। ਇਸੇ ਤਰ੍ਹਾਂ 'ਅਣਹੋਇਆ', ਮਨੁੱਖ ਦੀ ਹੋਂਦ, ਰੰਗਾਂ ਅਤੇ ਖਾਲੀਪਣ ਦੇ ਦਰਮਿਆਨ ਖੜ੍ਹੇ ਪ੍ਰਸ਼ਨਾਂ ਨੂੰ ਕਾਵਿਕ ਰੂਪ ਵਿਚ ਚਿੱਤਰਦੀ ਹੈ। ਇਹ ਕਵਿਤਾਵਾਂ ਇੱਕ ਵਾਰ ਹੀ ਪੜ੍ਹਨ ਨਾਲ ਪੂਰੀ ਤਰ੍ਹਾਂ ਪਕੜ ਵਿਚ ਨਹੀਂ ਆਉਂਦੀਆਂ; ਇਹ ਪਾਠਕ ਤੋਂ ਧਿਆਨ ਅਤੇ ਗੰਭੀਰਤਾ ਦੀ ਮੰਗ ਕਰਦੀਆਂ ਹਨ।

ਕਵੀ ਦੀ ਕਾਵਿ-ਦ੍ਰਿਸ਼ਟੀ ਦਾ ਇੱਕ ਵਿਲੱਖਣ ਪੱਖ ਉਸ ਦੀ ਆਧਿਆਤਮਿਕ ਸੰਵੇਦਨਾ ਹੈ। ਇਹ ਆਧਿਆਤਮਿਕਤਾ ਕਿਸੇ ਸੰਪਰਦਾਇਕ ਜਾਂ ਉਪਦੇਸ਼ਕ ਰੂਪ ਵਿੱਚ ਨਹੀਂ ਆਉਂਦੀ, ਸਗੋਂ ਜੀਵਨ-ਅਨੁਭਵਾਂ ਵਿੱਚੋਂ ਫੁੱਟਦੀ ਹੈ। 'ਸਿਰੜ' ਵਿੱਚ ਪ੍ਰੇਮ, ਆਸ ਦਾ ਰੂਪ ਧਾਰ ਲੈਂਦਾ ਹੈ, ਜਦਕਿ 'ਖੂਹ' ਵਿੱਚ ਡੂੰਘਾਈ ਕੇਵਲ ਜਲ ਦੀ ਨਹੀਂ, ਮਨੁੱਖੀ ਚੇਤਨਾ ਦੀ ਵੀ ਬਣ ਜਾਂਦੀ ਹੈ।

ਸੰਗ੍ਰਹਿ ਵਿੱਚ ਸ਼ਾਮਲ 'ਸ਼ਬਦ ਚਿੱਤਰ' ਵਿਸ਼ੇਸ਼ ਧਿਆਨ ਖਿੱਚਦੇ ਹਨ। ਮਨਮੋਹਨ ਬਾਵਾ, ਸੁਰਜੀਤ ਪਾਤਰ, ਦੇਵ ਅਤੇ ਪ੍ਰੇਮ ਪ੍ਰਕਾਸ਼ ਵਰਗੇ ਰਚਨਾਕਾਰਾਂ ਨੂੰ ਸਮਰਪਿਤ ਇਹ ਕਵਿਤਾਵਾਂ ਸੰਬੰਧਿਤ ਕਵੀਆਂ ਦੇ ਰਚਨਾਤਮਕ ਵਿਅਕਤਿਤਵ ਨਾਲ ਸੰਵਾਦ ਰਚਾਉਂਦੀਆਂ ਹਨ ਅਤੇ ਉਨ੍ਹਾਂ ਦੀ ਸਿਰਜਣਾ ਦੇ ਮੂਲ ਤੱਤਾਂ ਨੂੰ ਕਾਵਿਕ ਰੂਪ ਵਿੱਚ ਪਕੜਨ ਦੀ ਕੋਸ਼ਿਸ਼ ਕਰਦੀਆਂ ਹਨ। ਇਹ ਪ੍ਰਯੋਗ ਪੰਜਾਬੀ ਕਵਿਤਾ ਵਿੱਚ ਘੱਟ ਮਿਲਦਾ ਹੈ ਅਤੇ ਇਸ ਸੰਗ੍ਰਹਿ ਦੀ ਵਿਲੱਖਣ ਪ੍ਰਾਪਤੀ ਹੈ। ਮੇਰੇ ਵਿਚਾਰ ਅਨੁਸਾਰ ਸੁਰਜੀਤ ਪਾਤਰ ਦਾ ਸ਼ਬਦ ਚਿੱਤਰ ਕੁਝ ਹੋਰ ਵਿਸਥਾਰ ਦੀ ਮੰਗ ਕਰਦਾ ਹੈ।

ਭਾਸ਼ਾ ਦੇ ਪੱਧਰ 'ਤੇ ਕਵੀ ਦੀ ਸ਼ਬਦਾਵਲੀ ਸਾਦੀ ਹੋਣ ਦੇ ਬਾਵਜੂਦ ਸੰਕੇਤਾਂ ਨਾਲ ਭਰਪੂਰ ਹੈ। ਉਹ ਅਲੰਕਾਰਾਂ ਦਾ ਬੋਝ ਨਹੀਂ ਪਾਂਦਾ, ਸਗੋਂ ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਅਰਥਾਂ ਦੀਆਂ ਪਰਤਾਂ ਖੋਲ੍ਹਦਾ ਹੈ। ਇਸੇ ਕਾਰਨ ਕਵਿਤਾਵਾਂ ਪੜ੍ਹਨ ਤੋਂ ਬਾਅਦ ਵੀ ਪਾਠਕ ਦੇ ਮਨ ਵਿੱਚ ਦੇਰ ਤੱਕ ਗੂੰਜਦੀਆਂ ਰਹਿੰਦੀਆਂ ਹਨ।

ਇਸ ਦੇ ਨਾਲ ਹੀ ਇਹ ਵੀ ਕਹਿਣਾ ਪਵੇਗਾ ਕਿ ਕਈ ਥਾਵਾਂ ਕਵੀ ਦੀ ਦਰਸ਼ਨਿਕ ਪ੍ਰਵਿਰਤੀ ਇੰਨੀ ਸੰਘਣੀ ਹੋ ਜਾਂਦੀ ਹੈ ਕਿ ਆਮ ਪਾਠਕ ਲਈ ਕਵਿਤਾ ਦਾ ਤੁਰੰਤ ਅਰਥ-ਗ੍ਰਹਿਣ ਆਸਾਨ ਨਹੀਂ ਰਹਿੰਦਾ। ਕਿਤੇ-ਕਿਤੇ ਸੰਕੇਤ ਇੰਨੇ ਨਿੱਜੀ ਹੋ ਜਾਂਦੇ ਹਨ ਕਿ ਉਨ੍ਹਾਂ ਦੀਆਂ ਅਰਥ-ਪਰਤਾਂ ਖੋਲ੍ਹਣ ਲਈ ਦੁਬਾਰਾ ਪਾਠ ਦੀ ਲੋੜ ਪੈਂਦੀ ਹੈ। ਪਰ ਗੰਭੀਰ ਕਵਿਤਾ ਦੀ ਇਹ ਸੁਭਾਵਿਕ ਵਿਸ਼ੇਸ਼ਤਾ ਵੀ ਹੈ ਕਿ ਉਹ ਆਪਣੇ ਅਰਥ ਇੱਕੋ ਵਾਰ ਵਿੱਚ ਨਹੀਂ ਖੋਲ੍ਹਦੀ।

ਪ੍ਰਸੁਤਤ ਕਾਵਿ ਸੰਗ੍ਰਹਿ ਰਾਜੀਵ ਦੀ ਕਾਵਿ-ਯਾਤਰਾ ਨੂੰ ਇੱਕ ਨਵੇਂ ਪੱਧਰ 'ਤੇ ਲੈ ਜਾਂਦਾ ਹੈ। ਇਹਨਾਂ ਕਵਿਤਾਵਾਂ ਵਿੱਚ ਕਵੀ ਆਪਣੇ ਅੰਦਰਲੇ ਸੰਸਾਰ ਨਾਲ ਸੰਵਾਦ ਕਰਦਾ ਹੈ ਅਤੇ ਆਪਣੇ ਸਮਕਾਲੀ ਰਚਨਾਕਾਰਾਂ, ਲੋਕ-ਸੰਵੇਦਨਾ ਅਤੇ ਜੀਵਨ-ਦਰਸ਼ਨ ਨਾਲ ਵੀ ਸੰਵਾਦ ਸਥਾਪਿਤ ਕਰਦਾ ਹੈ। ਇਸੇ ਕਾਰਨ 'ਮੇਰੇ ਹਿੱਸੇ ਦਾ ਸੂਰਜ' ਕੇਵਲ ਨਿੱਜੀ ਅਨੁਭਵਾਂ ਦਾ ਹੀ ਨਹੀਂ, ਸਗੋਂ ਇੱਕ ਵਿਸ਼ਾਲ ਸੱਭਿਆਚਾਰਕ ਅਤੇ ਆਧਿਆਤਮਿਕ ਵਿਚਾਰਾਂ ਦਾ ਸੰਗ੍ਰਹਿ ਹੈ।

'ਪ੍ਰਗੀਤ' ਅਤੇ 'ਰਸ ਸੰਧੂਰੀ' ਵਰਗੀਆਂ ਕਵਿਤਾਵਾਂ ਵਿੱਚ ਕਵੀ ਦਾ ਇੱਕ ਹੋਰ ਰੂਪ ਸਾਹਮਣੇ ਆਉਂਦਾ ਹੈ। ਇੱਥੇ ਭਾਸ਼ਾ ਗੀਤਮਈ ਹੋ ਜਾਂਦੀ ਹੈ। ਲੋਕ-ਬੋਲੀ, ਦੁਹਰਾਵਾਂ, ਲੈ ਅਤੇ ਸੰਗੀਤਕਤਾ ਇਨ੍ਹਾਂ ਕਵਿਤਾਵਾਂ ਨੂੰ ਲੋਕ-ਗੀਤਾਂ ਦੀ ਮਿੱਠਾਸ ਨਾਲ ਜੋੜਦੇ ਹਨ। ਵਿਸ਼ੇਸ਼ ਕਰਕੇ 'ਰਸ ਸੰਧੂਰੀ' ਵਿੱਚ ਇੱਕ ਅੰਬ ਦੀ ਗੁਠਲੀ ਤੋਂ ਸ਼ੁਰੂ ਹੋਣ ਵਾਲਾ ਬਿੰਬ ਹੌਲੀ-ਹੌਲੀ ਜੀਵਨ, ਸੰਘਰਸ਼, ਵਿਕਾਸ ਅਤੇ ਕੁਦਰਤ ਦੀ ਅਸੀਮ ਜੀਵਨ-ਸ਼ਕਤੀ ਦਾ ਪ੍ਰਤੀਕ ਬਣ ਜਾਂਦਾ ਹੈ। ਇਹ ਕਵਿਤਾ ਦੱਸਦੀ ਹੈ ਕਿ ਸੁਹਿਰਦ ਕਵੀ ਵਿਚ ਛੋਟੀ ਤੋਂ ਛੋਟੀ ਵਸਤੂ ਵਿੱਚੋਂ ਵੀ ਜੀਵਨ ਦਾ ਵਿਸ਼ਾਲ ਚਿੱਤਰ ਸਿਰਜਣ ਦੀ ਸਮਰੱਥਾ ਹੁੰਦੀ ਹੈ।

ਭਾਸ਼ਾ ਦੇ ਪੱਖ ਤੋਂ ਇਹ ਸੰਗ੍ਰਹਿ ਪ੍ਰਭਾਵਸ਼ਾਲੀ ਹੈ। ਉਸ ਦੀ ਕਵਿਤਾ ਦਾ ਸੰਗੀਤ ਅੰਦਰੂਨੀ ਹੈ। ਬਿੰਬਾਂ, ਪ੍ਰਤੀਕਾਂ ਅਤੇ ਧੁਨੀਆਂ ਦੇ ਸਹਾਰੇ ਉਹ ਘੱਟ ਸ਼ਬਦਾਂ ਵਿੱਚ ਵੱਡੇ ਅਰਥ ਸਿਰਜਦਾ ਹੈ। ਕਿਤੇ ਗੁਰਬਾਣੀ ਦੀ ਅੰਤਰਧਾਰਾ ਹੈ, ਕਿਤੇ ਸੂਫ਼ੀ ਵਿਚਾਰਧਾਰਾ ਦੀ ਮਹਿਕ ਅਤੇ ਕਿਤੇ ਆਧੁਨਿਕ ਮਨੁੱਖ ਦੀ ਇਕੱਲਤਾ ਦੀ ਗੂੰਜ। ਇਹ ਤਿੰਨੇ ਤੱਤ ਬਿਨਾਂ ਕਿਸੇ ਟਕਰਾਅ ਦੇ ਇੱਕ-ਦੂਜੇ ਵਿੱਚ ਰਲ ਜਾਂਦੇ ਹਨ।

ਸਮੁੱਚੇ ਤੌਰ 'ਤੇ 'ਮੇਰੇ ਹਿੱਸੇ ਦਾ ਸੂਰਜ' ਆਧੁਨਿਕ ਪੰਜਾਬੀ ਕਵਿਤਾ ਵਿੱਚ ਇੱਕ ਵਿਲੱਖਣ ਅਤੇ ਵਿਚਾਰ-ਉਤੇਜਕ ਕਾਵਿ-ਸੰਗ੍ਰਹਿ ਹੈ। ਇਸ ਦੀ ਤਾਕਤ ਇਸ ਦੇ ਉੱਚੇ ਸੁਰ ਵਿੱਚ ਨਹੀਂ, ਸਗੋਂ ਇਸ ਦੀ ਸ਼ਾਂਤ, ਡੂੰਘੀ ਅਤੇ ਧਿਆਨਮਈ ਆਵਾਜ਼ ਵਿੱਚ ਹੈ। ਇਹ ਕਵਿਤਾਵਾਂ ਪਾਠਕ ਨੂੰ ਤੁਰੰਤ ਪ੍ਰਭਾਵਿਤ ਕਰਨ ਦੀ ਬਜਾਏ ਹੌਲੀ-ਹੌਲੀ ਉਸ ਦੇ ਅੰਦਰ ਉਤਰਦੀਆਂ ਹਨ ਅਤੇ ਆਪਣੇ ਅਰਥ ਸਮੇਂ ਦੇ ਨਾਲ ਖੋਲ੍ਹਦੀਆਂ ਹਨ। ਇਹੀ ਕਿਸੇ ਗੰਭੀਰ ਕਾਵਿ ਦੀ ਸਭ ਤੋਂ ਵੱਡੀ ਕਸੌਟੀ ਹੁੰਦੀ ਹੈ।

ਕਰਵਟ ਪ੍ਰਕਾਸ਼ਨ ਦਿੱਲੀ ਵੱਲੋਂ ਪ੍ਰਕਾਸ਼ਿਤ 96 ਪੰਨਿਆ ਦੀ ਪੁਸਤਕ ਦੀ ਕੀਮਤ 175 ਰੁਪਏ ਹੈ।

ਇਕ ਗੱਲ ਹੋਰ, ਆਪਣੀ ਪੜਚੋਲ ਵਿਚ ਕਾਵਿ ਟੂਕਾਂ ਮੈਂ ਇਸ ਲਈ ਨਹੀਂ ਦਿੱਤੀਆਂ ਕਿ ਪਾਠਕ ਆਪ ਕਵਿਤਾਵਾਂ ਪੜ੍ਹ ਕੇ ਉਹਨਾਂ ਦਾ ਰਸ ਗ੍ਰਹਿਣ ਕਰਨ।

**ਰਵਿੰਦਰ ਸਿੰਘ ਸੋਢੀ**
**ਕੈਲਗਰੀ, ਕੈਨੇਡਾ**

ਸਮਾਜ ਵੀਕਲੀ ਨਿਊਜ਼

# Why PM Narendra Modi's Punjab Visit Carried Political Weight

(Asian independent) Prime Minister Narendra Modi's one-day tour of Haryana, Chandigarh and Punjab brought infrastructure, public services, culture and election politics together. Infrastructure, public services, cultural identity and election politics all lived on stage on that same canvas.

In Jalandhar, Punjab's programme targeted railway service, upgrade of Jalandhar Cantonment Station, major roadworks and a planned Sikh Museum in Kurukshetra. The projects were valued at a combined value of roughly Rs 5,470 crore. It is not worth the size of the notifications but passenger, patient, worker, trader, farmer and pilgrim experiences that will determine their importance once construction is completed.

To Punjab, the visit was not strictly a ceremonial one. Modi used the platform to make a political argument about governance, public safety, and for the 2027 Punjab Assembly election. His complaints against the Aam Aadmi Party government were in line with that campaign. But such infrastructure projects also have practical and lasting repercussions, no matter were in party politics.

The Jalandhar programme put the transport as the focal point of Punjab's development rhetoric. Modi virtually dedicated railway and road projects worth about Rs 5,470 crore, with the stated aim of improving mobility across Punjab and North India. One big highlight was the updated Jalandhar Cantonment railway station. For passengers, improved facilities mean safer stations, easier access, cleaner surroundings, and less confusion during long journey. A railway station may be the first public face of a city. Its condition tells passengers whether basic infrastructure is being properly maintained.

New services also gained attention in transportation. One route links Amritsar with the main religious and cultural city Varanasi. Another connects Daulatpur to Kartoli. These services will help families, students, traders, workers and pilgrims who still take trains out of town for cheap travel. Road connectivity was also given equal consideration.

The Ludhiana Bypass Junction and Delhi-Amritsar-Katra Expressway will reduce travel time from Delhi to Amritsar from over eight hours to four thanks to the plans. Travel time from Delhi to Katra could drop from about fourteen hours to six. The Ambala-Kala Amb highway provides further access to the regional road network. The economy of Punjab cannot operate in isolation from its neighbours. Farmers need access to markets. Manufacturers must rely on reliable freight routes. Traders, transporters and workers rely on links to Haryana, Himachal Pradesh, Jammu and Kashmir, Delhi and the rest of North India. Roads and railways are important when they save time, money and make traveling around the country a little less challenging.



Announcements can't provide those benefits on their own. Jalandhar specializes in sports-goods. Indian manufacturers, suppliers, workers and buyers require reliable access to markets. Improvements in railway services, station facilities and expressway access should ease delays in transportation of people and goods.

Visitors visiting the city also come to Amritsar, Jammu and Kashmir and religious places throughout the north of India. Facilitating travel could uplift hotels, restaurant chains, taxi drivers, small traders and other local businesses. But for workers and families, a safer and more comfortable trip can be as important as a new highway.

The envisaged Sikh Museum in Kurukshetra added a cultural dimension to a visit dominated by infrastructure. PM Modi said the museum would keep the teachings, sacrifices and legacy of the Sikh Gurus alive. He also paid tribute to Teja Singh Samundri and declared Punjab the land of Maharaja Ranjit Singh.

The proposal links public development with memory, faith and regional roots. Punjab's history is not a footnote in economic planning. Punjab was part of a larger itinerary comprising Jind in Haryana and Chandigarh. The visit presented the projects as components of a common regional plan, rather than as a series of separate statements. Modi launched what was called India's first hydrogen-powered train heading to Sonipat in Jind. Indigenously powered with hydrogen cells, no carbon emissions occur at the point of operation on that train. It places cleaner transport within the national conversation on reducing our dependence upon diesel and its associated emissions.

Hydrogen rail technologies are still at an early stage for more widespread implementation. The extent of its use will depend largely on fuel provision, maintenance needs, operating costs and safety systems. And while the launch will get the technology public, its long-term success will hinge on whether it can run reliably and affordably. Both railway electrification and infrastructure conversion already reduced diesel consumption on most routes.

Hydrogen trains might be another choice, but the public will assess by how they perform, not by what they look like. At Chandigarh, Modi set up a series of foundation stones and set up more than Rs 4,700 crore worth of projects. The projects spanned healthcare, education, roads, digital governance, smart traffic systems, urban facilities. Chandigarh, which is important to Punjab, Haryana, Himachal Pradesh, Jammu and Kashmir, and nearby districts, is important. Hospitals, colleges, offices and roads serve people out and about far beyond the city.

PM Modi also referred to the implementation of Bharatiya Nyaya Sanhita from Chandigarh as an important feature of the city's administrative life. Expanding PGIMER Chandigarh was a key element of course for the program. It includes the Advanced Mother and Child Centre, Advanced Neuroscience Centre, Critical Care facilities all within a single building.

There was also news of approval for a new MBBS college. These enhancements might decrease the number of patients required to travel outside the area for specialist care. They might also offer more training experiences for their students and young doctors. The medical relevance of Chandigarh is that it is possible to treat patients from throughout North India and not just those living in the city.

The six-lane greenfield highway from IT City to Kurali was inaugurated to relieve road pressure from airport. Modi also kicked off the vision of the PR Seven Spur, which is being worked on to enhance regional commuting. Part of Chandigarh's urban agenda was the Integrated Command and Control Centre, Smart Traffic Management, and digital governance projects. The purpose is cited as enhanced traffic movement, faster access to public services and better planning.

The hydrogen train included a more clean aspect of transport within the overall program. The Punjab event was a government initiative, but it involved political actions as well. At the centre, Modi has said that the BJP, though not the leader of state government, is still supporting Punjab's development. He repeated the call for a "double-engine" government, the BJP's term for the several states in which the same party governs at the center and the states. The argument is simple: better political coordination, the BJP argues, can expedite projects and improve public services.

PM Modi denounced the Aam Aadmi Party government over law and order, drug smuggling, corruption, debt, unappreciated central spending, commitments of farmers and schemes aimed at women. Such were political charges the prime minister leveled against. They were not "settled" results announced at the event. The speech sent a stark message to BJP employees ahead of the expected 2027 Punjab Assembly election. The party's Punjab pitch is now based on public safety and accountability, infrastructure and cooperation with the central government.

Voters in Punjab will compare that with their own experience of it. Political slogans fly fast. Public trust takes longer. These establishment of foundation stones and inaugurations create expectations. Now, residents now need timely construction, safe transport services, low transport fares, working hospitals and regular maintenance. Real practical benefits of these things for small businesses, farmers, workers, patients, and students must be seen. Public money deserves to be used transparently. Jobs, access to hospitals, road safety, travel time and crime control all require demonstrable improvement. Public scrutiny is necessary of the central government's purported development claims just as the state government's answers are.

Successful project will happen only when cameras are gone, it turns out. The new station must be clean and accessible. A motorway must be safe and well-kept. An expansion to a hospital should be an expansion of treatment capacity. A train service has to run on time and be affordable. Part of PM Modi's visit to Punjab included rail and road connectivity, green transport, healthcare, education, cultural preservation, and direct political appeal. And Jalandhar and the surrounding areas were promised faster, infrastructure-led growth. The hydrogen train and Chandigarh projects linked local necessities to the broader Viksit Bharat agenda. Yet the ultimate verdict is going to depend on execution, access, safety and accountability. Punjab has heard its promise. It will be judged by the performance from its citizens.



Surjit Singh Flora

# Focus on Punjab – PM Narendra Modi comes again

PM Narendra Modi is coming to Jalandhar again on July 17. One cannot understand the



Ramesh Chander
The writer is A Retired Career Diplomat.

focus of BJP on Punjab in view of the forthcoming elections. “This will be the Prime Minister’s second visit to Jalandhar in the past five months. During his previous visit in February, he had visited Dera Sachkhand Ballan to call on the Dera head and Ravidassia leader Sant Niranjan Das, who has recently been honoured with a Padma Shri.” – it has been reported in the Tribune today, July 15. I thought of revisiting and flagging the issues of interest and concern to Dalits of Punjab and beyond and solicit the



PM Narendra Modi at Dera SAchkhand Ballan

kind attention of the Hon’ble PM as, to my mind, Dalits are not pleased with the ‘sweet nothings’ and are eagerly waiting to listen from the horse’s mouth on the two important matters:-

1. Guru Ravidass’s 650th Gurpurb in Febraury 2027 – GOI are still to announce the road-map and the details of the celebrations as promised and expected too.

2. April 14, birthday of Babasaheb Ambedkar, as International Day of Equality under the aegis of UN. The proposal is resting with GOI (MEA/PMO) since July, 2015.

My recent blog on the subject would provide more details of our submissions:- https://diplomatictitbits.blogspot.com/2026/06/letter-to-bjp-president-samrasta-agenda.html

I have been writing and reminding the concerned, both in GOI and the BJP, religiously. But I regret to add that as of now there is no positive response in this regard. The followers of Guru Ravidass and Babasaheb Ambedkar are resting perturbed and restive, in my cursory assessment. The ruling elite would ignore this at its own peril.

Ik Tarje Tugafil Hai; So Weh Unko Mubarak,
IK Arje Tamann Hai; Who Hum Karte Rahenge.

# The Footsteps of a Reformer: Sonam Wangchuk

**THE ASIAN INDEPENDENT UK**

Born in 1966 in the remote village of Umla in Ladakh, India, Sonam Wangchuk did not start formal schooling until the age of nine. Because his village lacked a proper school, he was taught by his mother in his native tongue. This early experience profoundly shaped his views on education, making him realize that traditional school systems often alienated children rather than nurturing them. He eventually went on to study mechanical engineering, graduating from the National Institute of Technology, Srinagar.

The Rise to Prominence

Wangchuk’s rise as a nationally and internationally celebrated figure came from his revolutionary work in education and climate adaptation.

(1) Educational Reform: In 1988, he co-founded the Students’ Educational and Cultural Movement of Ladakh (SECMOL). The organization completely changed the local school system, which was plagued by massive failure rates. SECMOL created a hands-on, practical curriculum designed explicitly for students who had been failed by standard textbook memorization.

His life and unorthodox teaching methods famously served as an inspiration for the character of “Phunsukh Wangdu” in the hit Bollywood film 3 Idiots.

(2) Climate Innovation: Living in an arid mountain desert, Wangchuk gained global recognition by inventing the “Ice Stupa”—artificial conical glaciers that store winter water to help farmers during the dry spring season. For his incredible grassroots work, he was awarded the prestigious Ramon Magsaysay Award in 2018.

The Shift to Political Activism

In recent years, Wangchuk moved from local innovations into major public activism. Between 2023 and 2025, he led massive protests demanding Sixth Schedule constitutional status and full statehood for Ladakh to protect its unique tribal culture and fragile Himalayan environment from heavy industrial mining.

This environmental campaign faced severe



pushback; he spent nearly 170 days in custody under the National Security Act (NSA) before being released in March 2026.

His Demands on the Recent 2026 Fast

In a significant departure from his previous regional climate protests, Wangchuk’s indefinite hunger strike in July 2026 shifted to a massive national issue: India’s education and examination crisis.

Fasting at Jantar Mantar in New Delhi alongside a youth-led movement called the Cockroach Janta Party (CJP), Wangchuk has crossed 20 consecutive days without food, surviving solely on water and salt.

His core demands are:

(I) Resignation of the Education Minister: He is demanding that the Union Education Minister, Dharmendra Pradhan, resign immediately to take accountability for massive nationwide irregularities, leaked papers, and grading scandals in crucial competitive student exams like NEET.

(II) Systemic Overhaul of Exams: As an educational reformer, he is demanding an complete structural change to India’s standardized testing system, ensuring transparency and stopping the “soul-destroying” cycle of paper leaks that devastates millions of students.

(III) A Call for Public Dialogue: He has refused to break his fast until the government formally addresses the students, and is leading a peaceful citizen march to Parliament on July 20, 2026, to force systemic accountability.

Despite severe physical deterioration and a pending Delhi High Court medical review, Wangchuk remains resolute on his stage, viewing this struggle as a necessary lesson in democracy for India’s youth.


Reference

1.https://www.brut.media/in/articles/from-ladakh-to-delhi-every-time-sonam-wangchuk-went-on-hunger-strike-and-what-happened-next?hl=en
2.https://www.thehindu.com/news/national/ladakh/shutdown-protest-rallies-in-ladakh-over-statehood-sixth-schedule-demands/article70749757.ece?hl=en
3.https://www.livemint.com/politics/news/sonam-wangchuk-5-hunger-strikes-explained-causes-outcomes-and-the-jantar-mantar-protest-dipke-cjp-neet-pradhan-11784174825356.html?hl=en
4.https://www.cp24.com/news/world/2026/07/16/fears-for-indian-activists-life-after-18-days-of-hunger-strike/?hl=en
5.https://www.indiatoday.in/india/story/sonam-wangchuk-hunger-strike-face-of-cockroach-janta-cjp-party-protest-delhi-jantar-mantar-abhijeet-dipke-2949113-2026-07-17?hl=en
6.https://thefederal.com/category/news/sonam-wangchuk-hunger-strike-day-17-look-at-earlier-fasts-effectiveness-250466?hl=en
7.https://www.indiatoday.in/india/story/sonam-wangchuk-hunger-strike-critical-delhi-hc-monitoring-july-20-parliament-march-2949646-2026-07-17?hl=en
8.https://www.theguardian.com/global-development/2026/jul/17/indian-protester-hunger-strike-modi-government-sonam-wangchuk?hl=en



**Bal Ram Sampla**
**Geopolitics**

# White Poison: The 23-Million-Liter Chemical Milk Fraud




THE ASIAN INDEPENDENT UK

The synthetic milk racket busted in Maharashtra is one of the most chilling consumer frauds in recent history. It was not a small-scale scam run by a few rogue vendors, but a massive, multi-district criminal syndicate. Together, they successfully manufactured and funneled an estimated 2.3 crore (23 million) litres of fake, chemically engineered milk into the public supply chain.

The sheer scale of the scam lies in its sophisticated “chemical hacking.” Instead of just adding water to real milk, the fraudsters built a replica from scratch using industrial ingredients. They used cheap palm oil to fake high fat levels, and added household detergents and shampoos as emulsifiers to force the oil and water to mix into a creamy, frothy liquid. Low-quality whey and skimmed milk powders were dumped in to trick dairy testing instruments, while chemical neutralizers stopped the mixture from spoiling.

This allowed the toxic brew to be transported across vast distances without raising a single red flag.

This empire of fake milk went undetected by exploiting structural gaps in the dairy sector. The syndicate embedded itself into small, rural collection hubs and unbranded “loose milk” networks. Because the dairy industry is deeply tied to local politics, the operators used bribery and local protection to keep ground-level inspectors quiet.

They also hid in plain sight by buying their raw materials under the guise of legitimate bakery or animal-feed businesses, keeping their supply chain looking completely normal on paper.

Ultimately, the true weight of this scam is its human cost. Millions of litres of this caustic mixture were unknowingly consumed by families, the elderly, and young children. The fraud finally unraveled only when state authorities noticed a massive statistical mismatch between the actual number of cows in the region and the impossible volume of milk being sold. While Special Investigation Teams have now dismantled the network, this racket stands as a grim reminder of how easily organized crime can poison the vital systems we trust to survive.

References

1.https://youtu.be/uS0bTqdQ-3U?si=C_JzOTMVwWUoAj9s
2.https://youtu.be/YeU8rApf2u4?si=f4gRp98wOoZXlHf9
3.https://youtu.be/QeNMuI_IaKc?si=CerxZBA1goZJq4MH
4.https://www.businesstoday.in/latest/trends/story/shampoo-chemicals-in-your-milk-rs2-crore-adulteration-racket-exposed-in-maharashtra-542845-2026-07-14?hl=en

Bal Ram Sampla
Geopolitics





# GBS Graduation Ceremony 2026

**July 2026 – 6,000 graduates celebrated as GBS marks milestone ceremonies across England.**




**THE ASIAN INDEPENDENT UK**

Global Banking School (GBS) celebrated the achievements of 6,000 graduates this summer as students, families and distinguished guests came together for graduation ceremonies in Leeds, Birmingham, Manchester and London.

The ceremonies recognised students progressing into employment, entrepreneurship and further opportunities across a range of sectors, including construction, business, digital technologies and health and social care.

Across its campuses, GBS continues to widen access to higher education through career-focused programmes, flexible learning and employability-led education. Many students have balanced study alongside careers, businesses and family responsibilities, with the average graduate aged 41.

The celebrations come shortly after GBS achieved an overall positivity score of 92% in the National Student Survey (NSS) 2026, outperforming the sector average for the sixth consecutive year.

Among those graduating was Kamrul Islam, who completed his HND in Construction Management while working full-time as an Assistant Quantity Surveyor with Barhale Limited and running his own perfume business, Osken Limited, formerly known as SKE Outlet. Balancing a full-time career, higher education and running a business required discipline, resilience and strong time management. Throughout his studies, Kamrul applied the knowledge gained at GBS directly to his role in the construction industry, strengthening both his technical expertise and professional confidence.

Completing higher education also fulfilled a long-held ambition for his family. Inspired by his mother's dream of seeing him continue his education, Kamrul credits GBS's flexible timetable with enabling him to balance his studies alongside work and business commitments.

Kamrul said: "Balancing a full-time career, higher education and running a business was one of the biggest challenges I have faced. It required discipline, resilience and commitment, but it taught me that with determination, ambitious goals are achievable."

"My time at GBS strengthened both my technical knowledge and my confidence while allowing me to continue working and developing my business. Completing my HND is an important milestone and has given me a strong foundation for the next stage of my career."

Yudzhel Medzhnun Shaban, from Penge, South East London, combined studying Construction Management with running his own lift installation business. After identifying gaps in his management and technical expertise, Yudzhel enrolled at GBS to develop the skills needed to grow his company. Through the programme, he strengthened his leadership, project management and technical knowledge while continuing to operate his business. He is now planning to expand the company, create new jobs and support economic growth within his local community.

Yudzhel said: "I came to GBS already owning a lift installation business, but I noticed gaps in my management and technical approach. The course strengthened my knowledge and expertise while allowing me to continue running my company. Now I'm ready to grow bigger and provide more employment in my community. GBS turned my vision into something real."

His story reflects a growing number of GBS students using higher education not only to secure employment but also to launch and grow businesses.

James Kennedy, CEO of Global Banking School, said: "These graduations represent far more than academic success. They demonstrate the ambition, resilience and determination of students who have balanced study alongside work, family and other responsibilities to build better futures for themselves and their communities. Many of our graduates are already helping address skills shortages, starting businesses, creating jobs and progressing into careers that will make a real contribution to the UK economy. That is something everyone involved should be incredibly proud of."

"As well as celebrating graduates such as Kamrul and Yudzhel, last week – for the seventh consecutive year – we were delighted to hear GBS scored well above the national average in the newly released National Student Survey. We're thrilled to have received 92% across several categories, including learning opportunities, academic support, and assessment and feedback, compared with a national higher education average of just over 80%." Virendra Sharma, former Member of Parliament and adviser to GBS, said: "Graduation is far more than the award of a qualification; it is a celebration of determination, resilience and ambition. GBS continues to widen access to higher education, creating opportunities for students from diverse backgrounds to realise their potential. I congratulate every graduate and wish them every success as they begin the next chapter of their lives."

The graduation ceremonies brought together graduates, families, academic staff and invited guests to celebrate academic achievement and the growing contribution GBS graduates are making to businesses, public services and communities across the UK.

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com